# ਮੇਰੀ ਧਰਤੀ ਮੇਰੇ ਲੋਕ

ਕੋਰਸ : ਮੰਚ 'ਤੇ ਕੋਰਸ ਦੇ ਰੂਪ ਵਿਚ ਪਾਤਰ ਆਉਂਦੇ ਹਨ :
ਤੀ ਮੇਰੇ ਲੋਕ ਭੋਲੇ ਭਾਲੇ ਸਿੱਧੇ ਲੋਕ
ਇਕ ਦੂਜੇ ਦਾ ਗਲ ਹਨ ਵੱਢਦੇ
ਸੁਣਕੇ ਜ਼ਹਿਰੀ ਫਿਰਕੂ ਬੋਲ
ਮੇਰੀ ਧਰਤੀ ਮੇਰੇ ਲੋਕ
ਅਤਿ ਗਰੀਬੀ ਵਿਚ ਹਨ ਰਹਿੰਦੇ
ਭੁੱਖੇ ਢਿੱਡ ਦਿਲਾਂ 'ਚ ਸੋਗ
ਮੇਰੀ ਧਰਤੀ ਮੇਰੇ ਲੋਕ
ਪੈਰ ਪੈਰ 'ਤੇ ਪੱਤ ਗਰੀਬੀ ਦੀ ਹੈ ਲੁੱਟਦੀ
ਨਾ ਪੈਸੇ ਵਾਲਿਆਂ ਨੂੰ ਕੋਈ ਰੋਕ
ਮੇਰੀ ਧਰਤੀ ਮੇਰੇ ਲੋਕ, ਭੋਲੇ ਭਾਲੇ ਸਿੱਧੇ ਲੋਕ
ਲਿੱਖ ਕੇ ਇਹਨਾਂ ਦੀ ਇਕ ਕਹਾਣੀ
ਨਵਤੇਜ ਜੋ ਛੱਡ ਗਿਆ ਸਾਡੇ ਕੋਲ
ਉਹਦਾ ਨਾਟਕ ਪੇਸ਼ ਹਾਂ ਕਰਦੇ
ਮੇਰੀ ਧਰਤੀ ਮੇਰੇ =

*(ਕੋਰਸ ਵਾਪਸ ਜਾਂਦਾ ਹੈ)*

ਕਥਾਕਾਰ : ਹਾਂ, ਇਹ ਮੇਰੀ ਧਰਤੀ ਹੈ, ਸੁੱਖਾਂ ਲੱਧੀ, ਕਦੀਮੀ ਧਰਤੀ, ਪੀਰਾਂ ਫਕੀਰਾਂ ਦੀ ਧਰਤੀ ਤੇ ਜਿਸ ਦੀ ਹੁਣ ਵੱਡੀ ਖਾਸੀਅਤ ਹੈ ਕਿ ਧਰਮ ਦੇ ਨਾਂ 'ਤੇ ਇਥੇ ਹਰ ਕਿਸਮ ਦਾ ਜ਼ਹਿਰ ਉਗਲਿਆ ਜਾ ਸਕਦਾ ਹੈ। ਭਰਾਵਾਂ-ਭਰਾਵਾਂ ਦੇ ਗਲੇ ਵੱਢੇ ਜਾ ਸਕਦੇ ਹਨ। ਕਿਉਂ? ਕਿਉਂਕਿ ਇਥੋਂ ਦੇ ਲੋਕ ਨੇ ਹਿੰਦੂ, ਮੁਸਲਮਾਨ, ਸਿੱਖ। ਉਹ ਕੀ ਕਰਦੇ ਵੇਖਣਾ ਚਾਹੁੰਦੇ ਹੋ ਤਾਂ ਵੇਖੋ...

ਹਿੰਦੂ ਦਾ ਆਗਮਨ : ਮੈਂ ਹਾਂ ਹਿੰਦੂ
ਭਾਰਤੀ ਸੰਸਕ੍ਰਿਤੀ ਦਾ ਬਿੰਦੂ
ਰਾਮ ਤੇ ਸੀਤਾ ਦੀ ਸੰਤਾਨ
ਹਰ ਹਰ ਮਹਾਂਦੇਵ ਮੇਰਾ ਅਖਾਣ
ਇਹ ਮੁਸਲਮਾਨ ਮਲੀਨ

ਲਹੂ ਗਊ ਮਾਤਾ ਦਾ ਪੀਣ
ਮੈਂ ਹਾਂ ਹਿੰਦੂ – ਭਾਰਤੀ ਸੰਸਕ੍ਰਿਤੀ ਦਾ ਬਿੰਦੂ
ਮੁਸਲਮਾਨ ਦਾ ਆਗਮਨ : ਮੈਂ ਹਾਂ ਮੁਸਲਮਾਨ
ਮੁਗ਼ਲਾਂ ਦੀ ਸੰਤਾਨ
ਲਾਲ ਕਿਲ੍ਹਾ, ਜਾਮਾਂ ਮਸਜਿਦ, ਤਾਜ ਮਹਿਲ
ਮੇਰੀ ਹਿੰਦ ਨੂੰ ਦੇਣ ਮਹਾਨ
ਇਹ ਹਿੰਦੂ, ਦਾਲ ਪੀਣੇ
ਇਹ ਕੀ ਜਾਨਣ ਮੇਰੀ ਸ਼ਾਨ
ਨਾਅਰ ਏ ਤਕਬੀਰ ਮੇਰਾ ਅਖਾਣ
ਮੈਂ ਹਾਂ ਮੁਸਲਮਾਨ, ਮੁਗ਼ਲਾਂ ਦੀ ਸੰਤਾਨ

ਸਿੱਖ ਦਾ ਆਗਮਨ : ਮੈਂ ਹਾਂ ਖ਼ਾਲਸਾ
ਗੁਰੂਆਂ ਦੀ ਸੰਤਾਨ
ਅੰਗਰੇਜ਼ ਨੇ ਮੇਰੀ ਰੱਗ ਪਛਾਣੀ
ਦਿੱਤਾ ਮਾਰਸ਼ਲ ਕੌਮ ਵਰਦਾਨ
ਹਲਾਲ ਵਿਚ ਯਕੀਨ ਨਾ ਰੱਖਦਾ
ਕਰਦਾ ਝੱਟਕੇ ਨਾਲ ਝੁਟਕਾਨ
ਮੈਂ ਹਾਂ ਖ਼ਾਲਸਾ, ਗੁਰੂਆਂ ਦੀ ਸੰਤਾਨ

ਤਿੰਨੋ ਇਕੱਠੇ : ਮੈਂ ਹਾਂ ਹਿੰਦੂ, ਮੈਂ ਹਾਂ ਮੁਸਲਮਾਨ, ਮੈਂ ਹਾਂ ਸਿੱਖ

ਪਿਛੋਂ ਰੌਲਾ : ਹਰ ਹਰ ਮਹਾਂਦੇਵ, ਨਾਅਰਾ ਏਤਕਬੀਰ, ਸਤਿ ਸ੍ਰੀ ਅਕਾਲ
ਧੋਤੀ ਟੋਪੀ ਜਮਨਾ ਪਾਰ
ਲੈ ਕੇ ਰਹਾਂਗੇ ਪਾਕਿਸਤਾਨ
ਲੈ ਕੇ ਰਹਾਂਗੇ ਖ਼ਾਲਿਸਤਾਨ
ਕੌਣ ਵੰਡੇਗਾ ਹਿੰਦੋਸਤਾਨ
ਅਖੰਡ ਰਹੇਗਾ ਹਿੰਦੋਸਤਾਨ

*(ਆਪਸ ਵਿਚ ਲੜਦੇ ਹਨ)*

ਪਿਛੋਂ ਅਵਾਜ਼ : ਲੜਾਈ ਹੋ ਗਈ ਫਸਾਦ ਹੋ ਗਿਆ, ਦੰਗਾ ਹੋ ਗਿਆ
ਰੱਬ ਚੁਰਾਹੇ ਵਿਚ ਨੰਗਾ ਹੋ ਗਿਆ
ਗੁਰੂ ਕਿਹੜਾ ਵੱਡਾ
ਅਵਤਾਰ ਕਿਹੜਾ ਵੱਡਾ, ਪੈਗੰਬਰ ਕਿਹੜਾ ਵੱਡਾ
ਸਭ ਗੋਰਖ ਧੰਦਾ ਹੋ ਗਿਆ
ਰੱਬ ਚੁਰਾਹੇ ਵਿਚ ਨੰਗਾ ਹੋ ਗਿਆ।

ਸੂਤਰਧਾਰ : ਇਹ ਹੈ ਮੇਰੀ ਧਰਤੀ, ਜਿਥੇ 1947 ਦੇ ਨੇੜੇ ਮਤਾਬਦੀਨ ਤੇ ਸੰਤ

ਸਿੰਘ ਵਰ੍ਹਿਆਂ ਤੋਂ ਬਾਅਦ ਪ੍ਰਦੇਸ਼ਾਂ ਵਿਚੋਂ ਦੇਸ਼ ਮੁੜਦੇ ਹਨ ਤੇ ਜਿਨ੍ਹਾਂ ਦੀ ਦਾਸਤਾਨ ਨਵਤੇਜ ਨੇ ਆਪਣੀ ਪ੍ਰਸਿੱਧ ਕਹਾਣੀ 'ਦੇਸ਼ ਵਾਪਸੀ' ਵਿਚ ਬਿਆਨ ਕੀਤੀ ਹੈ ...

ਇਹ ਵਜ਼ੀਰਾਬਾਦ ਦਾ ਰੇਲਵੇ ਸਟੇਸ਼ਨ ਹੈ।

*(ਮਤਾਬਦੀਨ ਇਕ ਛੱਤਰੀ, ਇਕ ਟਰੰਕੀ, ਇਕ ਬਿਸਤਰਾ ਚੱਕੀ ਸੰਤ ਸਿੰਘ, ਉਹਦੀ ਵਹੁਟੀ ਤੇ ਉਹਦੀ ਧੀ ਬਚਨੋ ਵੀ ਨਿੱਕ ਸੁਕ ਸਮਾਨ ਚੁੱਕ ਕੇ ਸਟੇਜ 'ਤੇ ਆਗਮਨ ਕਰਦੇ ਹਨ।*

ਕਥਾਕਾਰ : ਇਹ ਮਤਾਬਦੀਨ ਏ, ਸੰਤ ਸਿੰਘ ਏ, ਸੰਤ ਸਿੰਘ ਦੀ ਵਹੁਟੀ ਏ, ਸੰਤ ਸਿੰਘ ਦੀ ਧੀ ਬਚਨੋ ਏ, ਜੋ ਪ੍ਰਦੇਸ਼ਾਂ ਵਿਚ ਪੈਦਾ ਹੋਈ ਤੇ ਪਹਿਲੀ ਵਾਰ ਹੀ ਆਪਣੇ ਵਤਨ ਵਾਪਸ ਪਰਤ ਰਹੀ ਏ। ਇਹ ਟੱਬਰ ਤੇ ਮਤਾਬਦੀਨ ਮਲਾਇਆ ਤੋਂ ਪਰਤੇ ਹਨ। ਪੀਨਾਂਗ ਵਿਚ ਜਹਾਜ਼ ਦੀ ਉਡੀਕ ਵਿਚ ਉਨ੍ਹਾਂ ਪੀਨਾਂਗ ਦੇ ਗੁਰਦੁਆਰੇ ਵਿਚ ਇਕੱਠਿਆਂ ਮਹੀਨਾ ਕੱਟਿਆ ਹੈ। ਬਾਬੇ ਦੇ ਘਰ ਇਕੱਠਾ ਲੰਗਰ ਖਾਧਾ ਹੈ, ਲੰਗਰ ਪਕਾਇਆ ਹੈ, ਲੰਗਰ ਲਈ ਲਕੜਾਂ ਪਾੜੀਆਂ ਹਨ। ਪਿਛੇ ਪੰਜਾਬ ਵਿਚ ਉਹਨਾਂ ਦਾ ਇਲਾਕਾ ਇਕੋ ਨਿਕਲ ਆਇਆ ਸੀ। ਮਹੀਨੇ ਵਿਚ ਹੀ ਇਕ ਦੂਜੇ ਦਾ ਆਪਸ ਵਿਚ ਭਰਾਵਾਂ ਨਾਲੋਂ ਵੱਧ ਪਿਆਰ ਹੋ ਗਿਆ ਸੀ। ਸੰਤ ਸਿੰਘ ਦੀ ਧੀ ਬਚਨੋਂ ਵਿਚੋਂ ਮਤਾਬ ਦੀਨ ਨੂੰ ਆਪਣੀ ਧੀ ਤਾਜੀ ਦਾ ਅਕਸ ਦਿਸਦਾ ਸੀ। ਹਾਂ ਤਾਜੀ ਜਦੋਂ ਉਹ ਹਾਲੇ ਸਾਲ ਦੀ ਹੀ ਸੀ, ਤੋਤਲੀ ਜ਼ੁਬਾਨ ਵਿਚ ਗੱਲਾਂ ਕਰਦੀ ਸੀ ਤਾਂ ਮਤਾਬ ਦੀਨ ਰੋਜ਼ੀ ਦੀ ਤਲਾਸ਼ ਵਿਚ ਮਲਾਇਆ ਚਲਾ ਗਿਆ ਸੀ। ਹੁਣ ਇਹ ਲੋਕ ਸਾਲਾਂ ਬਾਅਦ ਵਤਨ ਪਰਤੇ ਹਨ।

ਸੰਤ ਸਿੰਘ : ਮਤਾਬ ਦੀਨ, ਅੱਜ ਸਟੇਸ਼ਨ 'ਤੇ ਇਹ ਸੁੰਨ ਸੁੰਨ ਕਿਉਂ ਏ ?

ਮਤਾਬ ਦੀਨ : ਸਮਝ ਨਹੀਂ ਲਗਦੀ, ਪੁਲਿਸ ਵੀ ਏਨੀ ਗਸ਼ਤ ਪਈ ਕਰਦੀ ਏ।

ਭਾਬੀ : ਮੈਨੂੰ ਤਾਂ ਡਰ ਪਿਆ ਲਗਦਾ ਏ।

ਮਤਾਬ ਦੀਨ : ਲੈ ਭਾਬੀ ਇਸ ਵਿਚ ਡਰਨ ਵਾਲੀ ਕਿਹੜੀ ਗੱਲ ਏ ? ਨਾਲੇ ਵੱਡੇ ਸ਼ਹਿਰਾਂ ਦੀ ਹੋਰ ਗੱਲ ਹੁੰਦੀ ਏ। ਗਵਾਂਢੀ ਗਵਾਂਢੀ ਨੂੰ ਨਹੀਂ ਜਾਣਦਾ ਹੁੰਦਾ। ਇਸੇ ਕਰਕੇ ਮਾਰਧਾੜ ਹੋ ਜਾਂਦੀ ਏ। ਆਪਣੇ ਇਲਾਕੇ ਵਿਚ ਕੋਈ ਨਹੀਂ ਡਰ। (ਇਕ ਟਾਂਗੇ ਵਾਲੇ ਨੂੰ ਵੇਖ ਕੇ) ਕਿਉਂ ਭਰਾਵਾ ਤਾਂਗਾ ਮਿਲੇਗਾ ?

ਟਾਂਗੇ ਵਾਲਾ : ਕਿਥੇ ਜਾਣਾ ਏ ਮੀਆਂ ?

ਮਤਾਬ ਦੀਨ : ਡਸਕੇ ਜਾਣਾ ਏ ਭਾਈ ਤੇ ਇਹ ਆਪਣੇ ਅਕਾਲਗੜ੍ਹ ਦੀਆਂ ਸਵਾਰੀਆਂ ਨੇ।

ਭਾਬੀ : ਲੈ ਡਸਕੇ ਕਿਉਂ ਜਾਣਾ ਏ ਭਰਾ ਜੀ, ਅਸੀਂ ਤੁਹਾਨੂੰ ਸਿੱਧੇ ਨਹੀਂ ਜਾਣ ਦੇਣਾ। ਰਾਤ ਅਕਾਲਗੜ੍ਹ ਅੱਟਕ ਕੇ ਅੱਗੇ ਜਾਣਾ ਜੇ।

ਮਤਾਬ ਦੀਨ : ਨਹੀਂ ਭਾਬੀ, ਤੇਰੀ ਦਰਾਣੀ ਵੀ ਉਡੀਕਦੀ ਹੋਣੀ ਏ। ਮੇਰੀ ਧੀ ਤਾਜੀ ਵੀ ਮਰ ਜਾਣੀ ਕਿੰਨੀ ਵੱਡੀ ਹੋ ਗਈ ਹੋਣੀ ਏ।

ਬਚਨੋਂ : ਮੇਰੇ ਨਾਲੋਂ ਵੀ ਵੱਡੀ ?

ਮਤਾਬ ਦੀਨ : ਹਾਂ ਤੇਰੇ ਨਾਲੋਂ ਵੀ ਵੱਡੀ।

ਬਚਨੋਂ : ਫੇਰ ਮੈਂ ਭੈਣ ਨੂੰ ਕਦੋਂ ਮਿਲਾਂਗੀ ?

ਮਤਾਬ ਦੀਨ : ਘਰ ਪੁੱਜਦਿਆਂ ਅਗਲੇ ਦਿਨ ਤੁਹਾਡੇ ਕੋਲ ਆਵਾਂਗੇ ਸਾਰੇ ਹੀ। ਹਾਂ ਭਾਈ ਕਿਥੇ ਏ ਤੇਰਾ ਟਾਂਗਾ ?

ਟਾਂਗੇ ਵਾਲਾ : ਮੀਆਂ ਜੀ, ਤੁਸੀਂ ਸਾਰੇ ਬਾਹਰ ਤੋਂ ਆਏ ਲਗਦੇ ਹੋ।

ਸੰਤ ਸਿੰਘ : ਆਹੋ ਭਰਾਵਾ, 7 ਸਾਲਾਂ ਬਾਅਦ ਵਤਨ ਪਰਤੇ ਹਾਂ।

ਟਾਂਗੇ ਵਾਲਾ : ਤਾਹੀਓਂ।

ਮਤਾਬ ਦੀਨ : ਤਾਹੀਓਂ ਕੀ ?

ਟਾਂਗੇ ਵਾਲਾ : ਸੱਤ ਸਾਲਾਂ ਵਿਚ ਮੀਆਂ ਜੀ ਬੜਾ ਕੁਝ ਬਦਲ ਜਾਂਦਾ ਹੈ।

ਮਤਾਬ ਦੀਨ : ਬਦਲਨਾ ਹੀ ਚਾਹੀਦਾ ਏ, ਜ਼ਿੰਦਗੀ ਖਲੋਤੀ ਥੋੜ੍ਹੀ ਰਹਿ ਸਕਦੀ ਏ। ਮੇਰੀ ਤਾਜੀ, ਕੁੱਛੜ ਖੇਡਦੀ ਬਾਲੜੀ ਧੀ, ਹੁਣ ਵੱਡੀ ਹੋ ਗਈ ਹੋਣੀ ਏਂ।

ਸੰਤ ਸਿੰਘ : ਤੇ ਤਾਜੀ ਦੀ ਮਾਂ ਦੇ ਵੀ ਧੌਲੇ ਆ ਗਏ ਹੋਣੇ ਨੇ।

ਮਤਾਬ ਦੀਨ : ਮੇਰੇ ਆ ਗਏ ਨੇ ਤੇ ਉਹਦੇ ਵੀ ਆ ਗਏ ਹੋਣੇ ਨੇ। (ਟਾਂਗੇ ਵਾਲੇ ਨੂੰ) ਹੁਣ ਤਾਂ ਕਹਿੰਦੇ ਨੇ ਫਰੰਗੀਆਂ ਦਾ ਰਾਜ ਵੀ ਮੁੱਕਣ ਵਾਲਾ ਏ।

ਸੰਤ ਸਿੰਘ : ਪਰ ਫਰੰਗੀਆਂ ਦੇ ਪਾਏ ਪੁਆੜੇ ਨਹੀਂ ਮੁਕਣੇ।

ਟਾਂਗੇ ਵਾਲਾ : ਠੀਕ ਕਹਿੰਦੇ ਨੇ ਸਰਦਾਰ ਸਾਹਿਬ।

ਮਤਾਬ ਦੀਨ : ਕੀ ਮਤਲਬ ?

ਟਾਂਗੇ ਵਾਲਾ : ਇਥੇ ਬੜੇ ਭੈੜੇ ਕਿਸਮ ਦੇ ਫ਼ਸਾਦ ਹੋ ਰਹੇ ਨੇ ਮੀਆਂ ਜੀ।

ਮਤਾਬ ਦੀਨ : ਫ਼ਸਾਦ ?

ਟਾਂਗੇ ਵਾਲਾ : ਹਿੰਦੂ ਸਿੱਖ ਇਕ ਪਾਸੇ, ਮੁਸਲਮਾਨ ਇਕ ਪਾਸੇ। ਰੋਜ਼ ਕੋਈ ਨਾ ਕੋਈ ਵਾਰਦਾਤ ਹੋ ਜਾਂਦੀ ਏ। ਕਿਸੇ ਨੂੰ ਛੁਰਾ ਵੱਜ ਜਾਂਦਾ ਏ, ਕਿਸੇ ਦੇ ਮਕਾਨ ਨੂੰ ਅੱਗ ਲੱਗ ਜਾਂਦੀ ਏ, ਲੋਕ ਆਪਣੇ ਆਪਣੇ ਘਰਾਂ ਵਿਚ ਵੜੇ ਨੇ, ਕੋਈ ਬਾਹਰ ਨਹੀਂ ਨਿਕਲਦਾ ਤੇ ਘਰਾਂ ਵਿਚ ਹੀ ਲੋਕਾਂ ਨੇ ਮੋਰਚੇ ਲਗਾ ਲਏ ਨੇ।

ਸੰਤ ਸਿੰਘ : ਤਾਹੀਓਂ ਮੈਂ ਆਖਾਂ ਟੇਸ਼ਨ ਸੁੰਨਾ ਪਿਆ ਏ।

ਭਾਬੀ : ਹੁਣ ਕੀ ਹੋਵੇਗਾ ?

ਟਾਂਗੇ ਵਾਲਾ : ਮੇਰੀ ਮੰਨੋ ਤਾਂ ਤੁਸੀਂ ਸਰਦਾਰ ਜੀ, ਇਥੇ ਗੁਰਦੁਆਰੇ ਹੀ ਅਟਕੋ। ਮੈਂ ਤੁਹਾਡੇ ਪਿੰਡ ਸੁਨੇਹਾ ਦੇ ਦੇਵਾਂਗਾ।ਅੱਠ ਦੱਸ ਬੰਦੇ ਲੈਣ ਆਉਣ ਤਾਂ ਹੀ ਜਾਣਾ। ਤੁਸੀਂ ਮੀਆਂ ਜੀ, ਮੇਰੇ ਨਾਲ ਬੇਸ਼ਕ ਤੁਰ ਪਵੋ।

ਮਤਾਬ ਦੀਨ : ਨਹੀਂ ਮੈਂ ਇਹਨਾਂ ਨੂੰ ਛੱਡ ਕੇ ਕਿੱਥੇ ਜਾਵਾਂਗਾ ?

ਟਾਂਗੇ ਵਾਲਾ : ਪਰ ਤੁਸੀਂ ਗੁਰਦੁਆਰੇ ਥੋੜ੍ਹਾ ਜਾ ਸਕਦੇ ਹੋ।

ਮਤਾਬ ਦੀਨ : ਕਿਉਂ ਨਹੀਂ ? ਅਸੀਂ ਪੂਰਾ ਮਹੀਨਾ ਭਰ ਮਲਾਇਆ ਦੇ ਗੁਰਦੁਆਰੇ ਇਕੱਠੇ ਰਹੇ ਆਂ।

ਟਾਂਗੇ ਵਾਲਾ : ਇਹ ਮਲਾਇਆ ਨਹੀਂ ਮੀਆਂ ਜੀ, ਏਥੇ ਤਾਂ ਮੁਸਲਮਾਨ ਦਾ ਪਰਛਾਵਾਂ ਵੀ ਗੁਰਦੁਆਰੇ ਦੇ ਨੇੜੇ ਨਹੀਂ ਪੈਣ ਦਿੰਦੇ।

ਭਾਬੀ : ਲੈ ਭਾਈ, ਏਨਾਂ ਫਰਕ ਥੋੜ੍ਹਾ ਹੋ ਸਕਦਾ ਏ।

ਸੰਤ ਸਿੰਘ : ਉਥੇ ਮਲਾਇਆ ਦੇ ਗੁਰਦੁਆਰੇ ਤੇ ਸਭ ਇਕੱਠੇ ਸਾਂ, ਬਾਬਾ ਜੀ ਦੀ ਬਾਣੀ ਵੀ ਇਕੱਠੀ ਸੁਣਦੇ ਸਾਂ ਤੇ ਦੁਪਿਹਰ ਵੇਲੇ ਵਾਰਿਸ ਦੀ ਹੀਰ ਵੀ।

ਬਚਨੋਂ : ਚਾਚਾ ਕਬੂਤਰਾਂ ਨੂੰ ਦਾਣੇ ਵੀ ਪਾਉਂਦਾ ਸੀ। ਮੈਂ ਕੋਲ ਜਾਣਾ ਤਾਂ ਕਹਿੰਦਾ ਸੀ, ਇਕ ਕਬੂਤਰੀ ਹੋਰ ਆ ਗਈ ਏ ਮੇਰੀ ਤਾਜੀ ਵਰਗੀ।

ਟਾਂਗੇ ਵਾਲਾ : ਤੁਸੀਂ ਤਾਂ ਪ੍ਰਦੇਸੀ ਓ, ਗੱਲਾਂ 'ਚ ਲੱਗ ਪਏ ਉਤੋਂ ਕੁਵੇਲਾ ਪਿਆ ਹੁੰਦਾ ਏ।

ਸੰਤ ਸਿੰਘ : ਹਾਂ ਮਤਾਬ ਦੀਨ ਭਰਾਵਾ ਤੂੰ ਤਾਂ ਪਿੰਡ ਪੁੱਜ। ਅਕਾਲਗੜ੍ਹ ਅੱਡੇ 'ਤੇ ਈ ਖਰੈਤੀ ਲਾਲ ਦੀ ਹੱਟੀ ਏ। ਉਹਨੂੰ ਆਖੀਂ ਸੁਜਾਨ ਸਿੰਘ ਹੋਰਾਂ ਦੇ ਘਰ ਵਾਲੇ ਮਲਾਇਆ ਤੋਂ ਆਏ ਨੇ।ਆਪੇ ਕੋਈ ਨਾ ਕੋਈ ਬੰਦੋਬਸਤ ਕਰ ਦੇਣਗੇ।

ਮਤਾਬ ਦੀਨ : ਪਰ ਗੁਰਦੁਆਰਾ ਕਿਥੇ ਏ ?

ਟਾਂਗੇ ਵਾਲਾ : ਇਥੇ ਨਾਲ ਈ। ਟੇਸ਼ਨ ਤੋਂ ਬਾਹਰ ਨਿਕਲਦਿਆਂ ਹੀ।

ਭਾਬੀ : ਕਿਉਂ ਭਾਈ, ਬਾਹਰ ਤਾਂ ਕੋਈ ਡਰ ਨਹੀਂ ?

ਟਾਂਵੇ ਵਾਲਾ : ਭੈਣੇਂ ਫਸਾਦੀਆਂ ਦਾ ਕੀ ਪਤਾ, ਹਰਲ ਹਰਲ ਕਰਦੇ ਫਿਰਦੇ ਨੇ। ਪਰ ਗੁਰਦੁਆਰੇ ਤੱਕ ਪੁਲਿਸ ਦਾ ਪੂਰਾ ਪਹਿਰਾ ਏ।

ਸੰਤ ਸਿੰਘ : (ਸਮਾਨ ਚੁੱਕ ਕੇ) ਹਲਾ ਭਰਾ ਮਤਾਬ ਦੀਨ ਅਸੀਂ ਚਲਦੇ ਹਾਂ। ਤਾਜੀ ਨੂੰ ਮੇਰਾ ਪਿਆਰ ਦੇਈਂ। ਰੌਲੇ ਗੌਲੇ ਠੀਕ ਹੋ ਲੈਣ ਤਾਂ ਫੇਰ ਅਸੀਂ ਤੁਹਾਡੇ ਕੋਲ ਜ਼ਰੂਰ ਆਵਾਂਗੇ।

ਭਾਬੀ : ਤਾਜੀ ਦੀ ਮਾਂ ਨੂੰ ਵੀ ਸਲਾਮ ਆਖੀਂ।

ਮਤਾਬ ਦੀਨ : (ਭਰੇ ਗਲੇ ਨਾਲ) ਜ਼ਰੂਰ ਆਖਾਂਗਾ, ਕਹਾਂਗਾ, ਪ੍ਰਦੇਸ਼ ਗਿਆ ਸਾਂ

ਇਕੋ ਇਕ ਭਰਾ ਤਾਂ ਫੌਤ ਹੋ ਗਿਆ ਸੀ, ਪਰ ਪ੍ਰਦੇਸੋਂ ਮੈਂ ਇਕ ਹੋਰ ਭਰਾ ਨਾਲ ਲੈ ਆਇਆ ਹਾਂ।

ਭਾਬੀ : ਆਹੋ ਭਰਾਵਾ, ਭਰਾ ਭਰਾ ਦੀਆਂ ਬਾਹਵਾਂ ਹੁੰਦੇ ਨੇ।

*(ਏਨੇ ਵਿਚ ਰੌਲਾ ਪੈਂਦਾ ਹੈ। ਮੁਸਲਮਾਨ ਫਸਾਦੀ ਆ ਹੱਲਾ ਬੋਲਦੇ ਹਨ)*

ਇਕ : ਓਏ ਇਹ ਸਿੱਖੜਾ ਇਥੇ ਇਕੱਲਾ

ਦੋ : ਸਾਡੀ ਗੈਰਤ ਨੂੰ ਚੈਲੰਜ ਕਰਦਾ
ਪੁਚਾ ਦਿਓ ਇਸ ਨੂੰ ਨਨਕਾਣਾ ਸਾਹਿਬ।

ਮਤਾਬ ਦੀਨ : ਨਹੀਂ ਇਹ ਇਕੱਲਾ ਨਹੀਂ, ਮੈਂ ਇਹਦੇ ਨਾਲ ਹਾਂ। ਇਹ ਮੇਰਾ ਭਰਾ ਏ, ਅਸੀਂ ਮਲਾਇਆ ਤੋਂ ਦੇਸ਼ ਪਰਤੇ ਹਾਂ।

ਇਕ : ਇਹ ਨੂੰ ਹਾਲੇ ਇਹਨਾਂ ਸਿੱਖਾਂ ਦਾ ਨਹੀਂ ਪਤਾ ਭਰਾ ਕਹਿੰਦੇ ਏ।

ਦੋ : ਸੱਪ ਜਦੋਂ ਡੰਗ ਮਾਰੇ ਉਦੋਂ ਹੀ ਜ਼ਹਿਰ ਦਾ ਪਤਾ ਲਗਦਾ ਏ।

ਮਤਾਬ ਦੀਨ : ਨਹੀਂ ਨਹੀਂ (ਅੱਗੇ ਹੁੰਦਾ ਹੈ। ਪਰ ਫਸਾਦੀ ਉਹ ਨੂੰ ਧੱਕਦੇ ਹਨ।)

*(ਬਚਨੋਂ ਚਾਚੇ ਵੱਲ ਵੱਧਦੀ ਹੈ। ਉਹਦੇ ਵੇਖਦਿਆਂ ਸੰਤ ਸਿੰਘ ਤੇ ਭਾਬੀ ਨੂੰ ਛੁਰੇ ਵੱਜ ਜਾਂਦੇ ਹਨ। ਨਾਅਰਾ ਏ ਤਕਬੀਰ, ਅੱਲ੍ਹਾ ਹੂ ਅਕਬਰ ਕਰਦੇ ਉਹ ਬਾਹਰ ਨਿਕਲ ਜਾਂਦੇ ਹਨ।)*

ਸੰਤ ਸਿੰਘ : (ਔਖਾ ਸਾਹ ਲੈਂਦਿਆਂ) ਇਹ ਵੀ ਚੰਗਾ ਹੋਇਆ ਜਾਨ ਆਪਣੀ ਧਰਤੀ ਦੀ ਮਿੱਟੀ 'ਤੇ ਹੀ ਨਿਕਲੀ ਏ।

ਮਤਾਬ ਦੀਨ : ਨਹੀਂ ਸੰਤ ਸਿਆਂ, ਇਹ ਧਰਤੀ ਆਪਣੀ ਨਹੀਂ। ਇਹ ਵਤਨ ਆਪਣਾ ਨਹੀਂ, ਆਪਣਾ ਵਤਨ ਤਾਂ ਬਾਬੇ ਨਾਨਕ ਦਾ ਵਤਨ ਸੀ, ਮੀਆਂ ਵਾਰਿਸ਼ ਸ਼ਾਹ ਦਾ ਵਤਨ ਸੀ। ਇਹ ਵਤਨ ਤੇ ਹੁਣ ਸ਼ੈਤਾਨਾਂ ਦਾ ਵਤਨ ਹੋ ਗਿਆ ਏ।

ਸੰਤ ਸਿੰਘ : (ਆਖਰੀ ਸਾਹ 'ਤੇ) ਮੇਰੀ ਬਚਨੋ ਦਾ ਖਿਆਲ.. (ਸਿਰ ਸੁੱਟ ਲੈਂਦਾ ਹੈ। ਮਤਾਬਦੀਨ ਭੁੱਬ ਮਾਰਦਾ ਏ, ਬਚਨੋਂ ਵੀ ਰੌਂਦੀ ਹੈ।)

ਮਤਾਬ ਦੀਨ : (ਬਚਨੋਂ ਨੂੰ ਗੋਦੀ ਵਿਚ ਲੈਂਦਿਆਂ) ਮੇਰੀਏ ਧੀਏ। ਮੇਰੀਏ ਤਾਜੀਏ, ਤੂੰ ਪਹਿਲੀ ਵਾਰੀ ਆਈਂ ਏ ਆਪਣੇ ਦੇਸ਼।

ਬਚਨੋਂ : ਚਾਚਾ।

ਮਤਾਬ ਦੀਨ : ਬਚਨੋਂ, ਮੈਂ ਮਤਾਬ ਦੀਨ ਤੈਨੂੰ ਪਾਲੂੰ। ਮੇਰੀਏ ਧੀਏ ਰੋ ਨਾ। ਆਪਣੀ ਤਾਜੋ ਵਾਂਗ ਰਖਾਂਗਾ ਤੈਨੂੰ, ਤੁਸੀਂ ਪੱਕੀਆਂ ਸਹੇਲੀਆਂ ਹੀ ਨਹੀਂ ਭੈਣਾ ਬਣੋਗੀਆਂ।

ਬਚਨੋਂ : ਚਾਚਾ।

*(ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ*

*ਅਵਾਜ਼। ਸਿੱਖ ਫਸਾਦੀਆਂ ਦੀ ਆਮਦ। ਮਤਾਬ ਦੀਨ ਬਚਨੋਂ ਨੂੰ ਜ਼ੋਰ ਨਾਲ ਘੁੱਟਦਾ ਹੈ)*

ਇਕ ਫਸਾਦੀ : ਸੁਲਾ.. ਹਰਾਮ ਦਾ ਬੀ।

ਦੂਜਾ : ਮੁਕਾ ਦਿਓ।

ਇਕ : ਪੁਚਾ ਦਿਓ ਇਹਨੂੰ ਮੱਕੇ (ਕਿਰਪਾਨ ਮਾਰਦੇ ਹਨ)

ਬਚਨੋਂ : ਚਾਚਾ।

ਤੀਜਾ : ਏਸ ਛੋਟੇ ਸੱਪ ਨੂੰ ਵੀ ਝਟਕਾ ਦੇਵੋ ਤੇ ਪੁਚਾ ਦੇਵੋ ਮਦੀਨੇ।

ਮਤਾਬ ਦੀਨ : ਨਹੀਂ ਇਹਨੂੰ ਨਾ ਮਾਰੋ, ਇਹ ਬਚਨੋਂ ਏ... ਨਹੀਂ, ਨਹੀਂ ਇਹ ਤਾਜੀ ਏ..

*(ਮਤਾਬ ਦੀਨ ਸਿਰ ਸੁੱਟਦਾ ਹੈ। ਇਕ ਫਸਾਦੀ ਬਚਨੋਂ ਦੇ ਸੀਨੇ ਵਿਚ ਕਿਰਪਾਨ ਖੋਭਦਾ ਹੈ। ਸੀਟੀਆਂ ਦੀ ਅਵਾਜ਼। ਫਸਾਦੀ ਨੱਸਦੇ ਹਨ। ਗੋਰਾ ਸਾਰਜੰਟ ਪੁਲਿਸ ਦੇ ਭੇਸ 'ਚ ਸਿਪਾਹੀ।*

ਸਾਰਜੰਟ : (ਲਾਸ਼ਾਂ ਵੇਖ ਕੇ) ਮਰ ਗਏ। ਮਲਾਇਆ ਤੋਂ ਆਏ ਸਨ, ਦੇਸ਼ ਵਾਪਸ। ਪਰ ਘਰ ਵੀ ਨਾ ਪਹੁੰਚ ਸਕੇ। ਇਨ੍ਹਾਂ ਲਾਸ਼ਾਂ ਨੂੰ ਟੇਸ਼ਨ ਤੋਂ ਪਰ੍ਹੇ ਕਰ ਦੇਵੋ।

*(ਸਿਪਾਹੀ ਹੌਲੇ ਹੌਲੇ ਲਾਸ਼ਾਂ ਚੁੱਕ ਕੇ ਧਰੀਕਦੇ ਬਾਹਰ ਲਿਜਾਂਦੇ ਹਨ)*

ਪਿਛੋਂ ਅਵਾਜ਼ : ਇਹ ਕਹਾਣੀ ਮਤਾਬ ਦੀਨ ਤੇ ਸੰਤ ਸਿੰਘ ਦੀ ਸੀ। ਮਤਾਬ ਦੀਨ ਤੇ ਸੰਤ ਸਿੰਘ ਮੁੱਕ ਗਏ। ਪਰ ਕੀ ਇਹ ਕਹਾਣੀ ਮੁੱਕ ਗਈ ਏ। ਨਹੀਂ, ਇਥੇ ਇਹੋ ਕੁਝ ਨਹੀਂ ਵਾਪਰਦਾ ਹੋਰ ਵੀ ਬਹੁਤ ਕੁਝ ਵਾਪਰਦਾ ਹੈ।

*(ਰੌਲਾ ਪੈਂਦਾ ਹੈ, ਤਿੰਨ ਚੌਧਰੀ ਕਿਸਮ ਦੇ ਲੋਕ ਇਕ ਕੁੜੀ ਨੂੰ ਧੱਕ ਦੇਂਦੇ ਹਨ)*

ਇਕ : ਕੱਢ ਦਿਓ ਇਸ ਕਮਜ਼ਾਤ ਨੂੰ।

ਦੋ : ਪਤਾ ਨਹੀਂ ਕਿਥੇ ਕਿਥੇ ਖੇਹ ਖਾਂਦੀ ਰਹੀ ਏ।

ਤਿੰਨ : ਇਹੋ ਜਹੀਆਂ ਨੇ ਹੀ ਜਿਹੜੀਆਂ ਪਿੰਡ ਦੇ ਨਾਂ ਨੂੰ ਕਲੰਕ ਲਾਉਂਦੀਆਂ ਨੇ।

ਇਕ : ਪਿੰਡ ਦੇ ਨਾਂ ਨੂੰ ਵੀ ਕਲੰਕ ਲਾਉਂਦੀਆਂ ਨੇ ਤੇ ਮਾਪਿਆਂ ਦੇ ਨਾਂ ਨੂੰ ਵੀ।

ਦੋ : ਭੁੱਲ ਜਾਂਦੀਆਂ ਨੇ ਕਿ ਇਕ ਦਿਨ ਸਭ ਕੁਝ ਭੁਗਤਣਾ ਪਏਗਾ।

ਇਕੱਠੇ : ਪਈ ਰਵੇ ਇਥੇ ਕੋਈ ਮੂੰਹ ਨਾ ਲਾਵੇ। (ਤਿੰਨੇ ਪਿੱਠ ਮੋੜਦੇ ਹਨ)

*(ਹੌਲੀ ਹੌਲੀ ਉਠਦੀ ਹੈ)*

ਕਥਾਕਾਰ : ਇਹ ਨੂਰਾ ਹੈ। ਨਵਤੇਜ ਦੀ ਕਹਾਣੀ 'ਡੰਨ' ਦੀ ਇਕ ਪਾਤਰ। ਦੀਨ ਮੁਹੰਮਦ ਰਾਈ ਦੀ ਧੀ। ਮਲਕਾਂ ਦੇ ਪਿੰਡ ਦੀ ਜਿਥੇ ਛੋਟੇ ਮਲਕ, ਪਿੰਡ ਦੀ ਇੱਜ਼ਤ ਦੇ ਮਾਲਕ, ਇਹਦੀ ਕਹਾਣੀ ਉਸ ਵੇਲੇ ਸ਼ੁਰੂ ਹੁੰਦੀ ਹੈ ਜਦੋਂ ਇਹਦੀ ਮਾਂ ਸਖ਼ਤ ਬਿਮਾਰ ਸੀ। ਘਰ ਪਾਣੀ ਦਾ ਘੜਾ ਖਾਲੀ ਸੀ ਤੇ ਘੜਾ ਚੁੱਕ ਪਾਣੀ ਲੈਣ ਲਈ ਤੁਰੀ ਸੀ।

*(ਇਕ ਪਾਸੇ ਤੋਂ ਘੜਾ ਚੁੱਕਦੀ ਹੈ, ਦੂਜੇ ਪਾਸੇ ਤੋਂ ਮਾਸੀ ਮਿਲਦੀ ਹੈ।)*

ਮਾਸੀ : ਨੂਰਾਂ ਧੀਏ, ਤੱਪਦੀ ਦੁਪਿਹਰ ਕਿਧਰ ਤੁਰ ਪਈ ਏਂ ?

ਨੂਰਾਂ : ਮਾਸੀ ਪਾਣੀ ਲੈਣ ਚੱਲੀ ਹਾਂ।

ਮਾਸੀ : ਮਾਂ ਦਾ ਕੀ ਹਾਲ ਆ ?

ਨੂਰਾਂ : ਤਾਪ ਨਾਲ ਤਪਦੀ ਪਈ ਏ।

ਮਾਸੀ : ਹਲਾ।

ਨੂਰਾਂ : ਹੁਣੇ ਹੁਣੇ ਉਹਨੂੰ ਐਨੇ ਜ਼ੋਰ ਦਾ ਕਾਂਬਾ ਛਿੜਿਆ ਹੋਇਆ ਸੀ ਕਿ ਦੋ ਜੁਲੀਆਂ ਵੀ ਪਾਲਾ ਨਹੀਂ ਸਨ ਡੱਕ ਸਕੀਆਂ ਤੇ ਹੁਣ ਅੰਤਾਂ ਦਾ ਤਾਪ। ਮਾਸੀ ਉਹਦਾ ਤਾਲੂ ਪਲ ਪਲ ਸੁੱਕ ਰਿਹਾ ਏ।

ਮਾਸੀ : ਫੇਰ ਪਾਣੀ ਦੇਣਾ ਸੀ।

ਨੂਰਾਂ : ਪਾਣੀ ਹੀ ਲੈਣ ਚੱਲੀ ਆਂ ਮਾਸੀ, ਪਰ ਘੜਾ ਖਾਲੀ ਸੀ ਤੇ ਕੌਲ ਛੰਨੇ ਵੀ।

ਮਾਸੀ : ਪਰ ਪਾਣੀ ਕਿਥੋਂ ਲੈਣ ਚੱਲੀ ਏਂ, ਸਭਨਾਂ ਖੂਹਾਂ ਵਿਚ ਪਾਣੀ ਤਾਰੇ ਲੱਗਿਆ ਹੋਇਆ ਏ। ਖੌਰੇ ਕਿਸੇ ਤਿਹਾਏ ਦੈਂਤ ਨੇ ਡੀਕ ਹੀ ਲਾ ਲਈ ਏ। ਛੱਪੜਾਂ, ਖਾਲਾਂ ਦਾ ਪਾਣੀ ਕੋਈ ਕਿਥੋਂ ਤੱਕ ਪੀਵੇ।

ਨੂਰਾਂ : ਮਾਸੀ ਹਕੀਮ ਹੋਰੀ ਆਏ ਸਨ ਮਾਂ ਨੂੰ ਵੇਖਣ ਤੇ ਕਹਿ ਗਏ ਸਨ ਛੱਪੜ ਜਾਂ ਖਾਲ ਦਾ ਪਾਣੀ ਜ਼ਹਿਰ ਏ ਤੇਰੀ ਮਾਂ ਲਈ।

ਮਾਸੀ : ਫੇਰ ਤੂੰ ਮਲਕਾਂ ਦੇ ਟੂਬਵੈਲ ਚਲੀ ਜਾ।

ਨੂਰਾਂ : ਉਥੇ ਹੀ ਚੱਲੀ ਆਂ ਮਾਸੀ। ਉਵੇਂ ਸੰਸਾ ਏ ਕਿ ਕਿਧਰੇ ਨਾਂਹ ਹੀ ਨਾ ਕਰ ਦੇਣ।

ਮਾਸੀ : ਲੈ ਨਾਂਹ ਕਿਉਂ ਕਰਨਗੇ ? ਤੇ ਨਾਲੇ ਜਦੋਂ ਤੂੰ ਦੱਸ ਦੇਵੇਂਗੀ ਕਿ ਮਾਂ ਬਿਮਾਰ ਏ।

ਨੂਰਾਂ : ਮਾਸੀ ਤੂੰ ਵੀ ਨਾਲ ਚੱਲ, ਮੈਨੂੰ ਡਰ ਲਗਦੈ।

ਮਾਸੀ : ਲੈ ਡਰ ਕਾਹਦਾ ? ਮਲਕ ਤਾਂ ਪਿੰਡ ਦੇ ਮਾਲਕ ਹੋਏ, ਔੜ-ਸੌੜ ਵੇਲੇ ਸਭ ਦੇ ਕੰਮ ਆਉਂਦੇ ਨੇ। ਤੂੰ ਆਖੇਗੀਂ ਪਾਣੀ ਦੀ ਲੋੜ ਏ

ਤਾਂ ਟੂਬਵੈੱਲ ਬੰਦ ਵੀ ਹੋਇਆ ਤਾਂ ਚਲਾ ਦੇਣਗੇ।

ਨੂਰਾਂ : ਪਰ ਏਡੀ ਦੁਪਿਹਰੇ ਜੇਕਰ ਉਹ ਸੁੱਤੇ ਹੋਏ।

ਮਾਸੀ : ਸੁੱਤੇ ਹੋਏ ਤਾਂ ਜਾਗ ਪੈਣਗੇ। ਤੇਰੀ ਮਾਂ ਪਾਣੀ ਖੁਣੋ ਮਰਦੀ ਪਈ ਏ, ਜੇ ਉਹਨਾਂ ਦੀ ਜਾਗ ਖੁੱਲ ਗਈ ਤਾਂ ਵੀ ਉਹ ਗੁੱਸਾ ਨਹੀਂ ਕਰਨਗੇ ਤੇ ਨਾਲੇ ਪਹਿਲਾਂ ਹੀ ਦੱਸ ਦੇਈਂ ਕਿ ਤੂੰ ਦੀਨੇ ਅਰਾਈ ਦੀ ਧੀ ਏ। ਤੇਰਾ ਅੱਬਾ ਤਾਂ ਉਹਨਾਂ ਦਾ ਖਾਸ ਖਿਦਮਤਗਾਰ ਏ। ਮਲਕਾਂ ਦੇ ਵਾੜੇ ਵਿਚ ਖਰਬੂਜਾ ਕੋਈ ਪੱਕਦਾ ਹੀ ਨਹੀਂ ਸੀ। ਇਹ ਤੇਰੇ ਅੱਬਾ ਨੇ ਡੂੰਘੀ ਖੁਦਾਈ ਕਰਕੇ ਵੇਲ ਲਾਈ ਤੇ ਹੁਣ ਖਰਬੂਜਿਆਂ ਦਾ ਅੰਤ ਨਹੀਂ।

ਨੂਰਾਂ : ਪਰ ਅੱਬਾ ਦਸਦੈ ਕਿ ਮਲਕ ਹੈ ਬੜਾ ਡਾਢਾ।

ਮਾਸੀ : ਵੱਡੇ ਬੰਦੇ ਉਤੋਂ ਉਤੋਂ ਹੀ ਡਾਢੇ ਹੁੰਦੇ ਨੇ, ਪਰ ਦਿਲ ਦੇ ਬੜੇ ਨਰਮ ਹੁੰਦੇ ਨੇ। ਹੁਣ ਤੂੰ ਉਹਦੇ ਨੌਕਰ ਖੈਰੂ ਨੂੰ ਹੀ ਵੇਖ ਲੈ, ਭਾਵੇਂ ਮਲਕ ਉਸ ਨੂੰ ਰੋਜ਼ ਸੌ ਜੁੱਤੀਆਂ ਮਾਰਦਾ ਏ ਪਰ ਮਜਾਲ ਏ ਕਿ ਉਹਦੀ ਕੋਈ ਲੋੜ ਪੂਰੀ ਨਾ ਕਰੇ। ਖੈਰੂ ਵੀ ਉਹਦੇ 'ਤੇ ਜਾਨ ਦਿੰਦਾ ਏ।

ਨੂਰਾਂ : ਪਰ ਉਸ ਦਿਨ ਤਾਂ ਚਾਚਾ ਖੈਰ ਦੀਨ ਅੱਬਾ ਨਾਲ ਬੜੀ ਸ਼ਕਾਇਤ ਕਰਦਾ ਸੀ ਕਿ ਮਲਕ ਉਹਦੇ ਵੱਲ ਉਵੇਂ ਹੀ ਬੁਰਕੀ ਸੁੱਟਦਾ ਏ ਜਿਸ ਤਰ੍ਹਾਂ ਉਹ ਆਪਣੇ ਸ਼ਿਕਾਰੀ ਕੁੱਤਿਆਂ ਅੱਗੇ ਸੁੱਟਦਾ ਏ।

ਮਾਸੀ : ਖੈਰੂ ਵੀ ਕੁੱਤਾ ਏ, ਨਾਲੇ ਮਲਕਾਂ ਦਾ ਖਾਂਦਾ ਏ ਤੇ ਨਾਲੇ ਬਦਖੋਹੀਆਂ ਕਰਦਾ ਏ।

ਨੂਰਾਂ : ਹਲਾ ਮਾਸੀ, ਮੈਂ ਪਾਣੀ ਲੈ ਕੇ ਆਵਾਂ। (ਨੂਰਾਂ ਜਾਂਦੀ ਹੈ)

ਮਾਸੀ : (ਉਹਦੀ ਪਿੱਠ 'ਤੇ) ਪਿੰਡ ਦੀ ਇਕ ਹੋਰ ਕੁੜੀ ਮਲਕਾਂ ਦੇ ਪਾਣੀ ਭਰਨ ਗਈ ਏ। ਮੈਂ ਜਾਣਦੀ ਹਾਂ ਪਿੰਡ ਦੀ ਜਿਹੜੀ ਕੁੜੀ ਮਲਕਾਂ ਦੇ ਭਾਣੀ ਭਰਨ ਜਾਂਦੀ ਏ, ਪਾਣੀਓਂ ਸੁੱਕੀ ਵਾਪਸ ਨਹੀਂ ਆਉਂਦੀ। ਟੂਬਵੇਲ ਦੁਪਿਹਰੇ ਹੀ ਚਲਦਾ ਏ, ਜਦੋਂ ਧੁੱਪੇ ਕਾਂ ਦੀ ਅੱਖ ਨਹੀਂ ਨਿਕਲਦੀ। ਟੂਬਵੈਲ ਥਲੇ ਚਲਦਾ ਏ, ਮਲਕ ਦੂਰ ਹਵੇਲੀ ਦੇ ਬਰਾਂਡੇ ਵਿਚ ਖਲੋਂਦਾ ਏ। ਕਾਂ ਅੱਖ ਨਾਲ ਸਭ ਆਉਂਦੀਆਂ-ਜਾਂਦੀਆਂ ਨੂੰ ਵੇਖਦਾ ਏ। ਖੈਰੂ ਨੂੰ ਇਸ਼ਾਰਾ ਕਰਦਾ ਏ। ਟੂਬਵੈਲ ਵਿਚ ਕੁਝ ਨੁਕਸ ਪੈ ਜਾਂਦਾ ਏ, ਖੈਰੂ ਅੰਦਰ ਕੋਠੜੀ ਵਿਚ ਚਲਾ ਜਾਂਦਾ ਏ। ਮਲਕ ਕੱਲਾ ਹੁੰਦਾ ਏ, ਕੁੜੀ ਕੱਲੀ ਹੁੰਦੀ ਏ।

*(ਮਾਸੀ ਜਾਂਦੀ ਹੈ, ਇਕ ਨੁਕਰੇ ਮਲਕ ਉਤਲੇ ਥੜੇ 'ਤੇ ਆਉਂਦਾ ਹੈ ਤਾਂ ਨੂਰਾਂ ਦੂਜੇ ਪਾਸੇ ਤੋਂ ਆਉਂਦੀ ਹੈ)*

ਮਲਕ : ਕੁੜੀਏ ਕੌਣ ਹੁੰਨੀ ਏਂ ਤੂੰ ?

ਨੂਰਾਂ : ਜੀ ਨੂਰਾਂ, ਦੀਨ ਮੁਹੰਮਦ ਰਾਈ ਦੀ ਧੀ।

ਮਲਕ : ਮੁਸਲਮਾਨ ਏ ? ਮੁਸਲਮਾਨ ਤੇ ਬੁਰਕਾ ਪਾਉਂਦੇ ਨੇ ਤੇ ਤੂੰ ਸਿਰ 'ਤੇ ਲੀੜਾ ਵੀ ਨਹੀਂ ਕੀਤਾ ਹੋਇਆ। ਸਿਰ 'ਤੇ ਲੀੜਾ ਕਰਿਆ ਕਰ। ਤੇ ਅਹਿ ਘੜਾ ਕਾਹਦੇ ਲਈ ?

ਨੂਰਾਂ : ਜੀ ਮੇਰੀ ਮਾਂ ਨੂੰ ਬੜਾ ਸਖ਼ਤ ਤਾਪ ਚੜ੍ਹਿਆ ਏ, ਹਕੀਮ ਸਾਹਿਬ ਪਾਣੀ ਪਿਆਉਣ ਲਈ ਕਹਿ ਗਏ ਨੇ। ਦੋ ਘੁੱਟ ਪਾਣੀ ਕਿਸੇ ਕੋਲੋਂ ਦੁਆ ਦਵੋ।

ਮਲਕ : ਆਪ ਲੈ ਲੈ ਪਾਣੀ, ਪਾਣੀ ਕਿਹੜਾ ਕਿਸੇ ਦਾ ਮੁੱਲ ਲਿਆ ਹੋਇਐ।

ਨੂਰਾਂ : ਪਰ ਟੂਬਵੈਲ ਤਾਂ ਬੰਦ ਏ।

ਮਲਕ : ਹਲਾ ਖੈਰੂ ਠੀਕ ਕਰਦਾ ਏ, ਫੇਰ ਇਧਰ ਅੰਦਰੋਂ ਮੱਟਾਂ ਵਿਚੋਂ ਭਰ ਲੈ।

ਨੂਰਾਂ : ਮੱਟਾ ਵਿਚੋਂ ?

ਮਲਕ : ਹਾਂ ਟੂਬਵੈਲ ਹਮੇਸ਼ਾਂ ਤਾਂ ਨਹੀਂ ਚਲਦਾ, ਵੇਲੇ ਕੁਵੇਲੇ ਲਈ ਮੱਟ ਭਰੇ ਨੇ, ਤੂੰ ਅੰਦਰੋਂ ਲੈ ਲੈ।

ਨੂਰਾਂ : ਅੰਦਰੋਂ ?

ਮਲਕ : ਤੈਨੂੰ ਆਂਹਨਾ ਜੂ ਆਂ, ਭਰ ਲੈ ਪਾਣੀ ਗਾਂਹ ਹੋ ਕੇ। (ਕੁੜੀ ਵੱਲ ਵੇਖਦਾ ਵੇਖਦਾ ਆਪ ਵੀ ਅੰਦਰ ਜਾਂਦਾ)

ਨੂਰਾਂ : (ਦਰਸ਼ਕਾਂ ਵੱਲ ਸੰਬੋਧਨ) ਮੈਂ ਡਰਦੀ ਡਰਦੀ ਅੰਦਰ ਜਾਂਦੀ ਹਾਂ।

*(ਥੋੜੀ ਦੇਰ ਮੰਚ ਖਾਲੀ ਰਹਿੰਦਾ ਹੈ। ਮਾਸੀ ਦੀ ਪਿਠ ਭੂਮੀ ਵਿਚ ਅਵਾਜ਼ 'ਪਿੰਡ ਦੀ ਜਿਹੜੀ ਕੁੜੀ ਮਲਕਾਂ ਦੇ ਪਾਣੀ ਭਰਨ ਜਾਂਦੀ ਏ, ਪਾਣੀਓਂ ਸੁੱਕੀ ਵਾਪਸ ਨਹੀਂ ਆਉਂਦੀ')*

ਪਿਠ ਭੂਮੀ 'ਤੇ ਮਲਕ ਦੀ ਭਾਰੀ ਅਵਾਜ਼ : ਤੇਰੀ ਮਾਂ ਦੇ ਤਪਦੇ ਬੁੱਲਾ ਨੂੰ ਠੰਡੇ ਪਾਣੀ ਦੀ ਲੋੜ ਏ ਨਾ। ਇਥੇ ਅਸੀਂ ਵੀ ਤਪਦੇ ਪਏ ਆਂ, ਸਾਨੂੰ ਠੰਡ ਕੌਣ ਪੁਚਾਵੇਗਾ।

ਨੂਰਾਂ : ਮਲਕ ਸਾਹਿਬ ਬਖਸ਼ ਦੇਵੋ, ਮੈਂ ਪਿੰਡ ਦੀ ਨਿਆਣੀ ਧੀ।

ਮਲਕ : ਤੇ ਅਸੀਂ ਪਿੰਡ ਦੇ ਮਾਲਕ।

ਨੂਰਾਂ : ਖੈਰੂ ਚਾਚਾ।

ਮਲਕ : ਮਰ ਗਿਆ ਖੈਰੂ ਚਾਚਾ।

(ਫੇਰ ਸੰਗੀਤ। ਮਾਸੀ ਦੀ ਦੁਹਰਾਈ ਜਾਣ ਵਾਲਾ ਅਵਾਜ਼<br>
'ਪਿੰਡ ਦੀ ਜਿਹੜੀ ਕੁੜੀ<br>
ਮਲਕਾਂ ਦੇ ਪਾਣੀ ਭਰਨ ਜਾਂਦੀ ਏ,<br>
ਪਾਣੀਓ ਸੁੱਕੀ ਵਾਪਸ ਨਹੀਂ ਆਉਂਦੀ<br>
ਪਾਣੀਓ ਸੁੱਕੀ ਵਾਪਸ ਨਹੀਂ ਆਉਂਦੀ'

ਨੂਰਾਂ ਘੜਾ ਚੁੱਕ ਕੇ
ਭਾਰੇ ਭਾਰੇ ਕਦਮਾਂ ਨਾਲ ਵਾਪਸ ਆਉਂਦੀ ਏ।)

ਕਥਾਕਾਰ : ਤੇ ਨੂਰਾਂ ਪਾਣੀ ਦਾ ਘੜਾ ਚੁੱਕ ਕੇ ਵਾਪਸ ਆਈ। ਉਹ ਘੜਾ, ਜਿਸ ਵਰਗੇ ਤਿੰਨ-ਚਾਰ ਘੜੇ ਉਹ ਫੁੱਲਾਂ ਵਾਂਗ ਚੁੱਕ ਲੈਂਦੀ ਸੀ, ਹੁਣ ਭਾਰਾ ਭਾਰਾ ਲਗਦਾ ਸੀ। ਮਲਕ ਵੀ ਉਹਦੇ ਪਿਛੇ ਆਇਆ।

ਮਲਕ : ਘੜਾ ਭਰ ਲਿਆ ਈ, ਚੰਗਾ ਕੀਤਾ ਈ, ਰੋਜ਼ ਭਰ ਲਿਜਾਇਆ ਕਰੀਂ। ਕੀ ਨਾਂ ਏ ? ਹਾਂ ਨੂਰਾਂ, ਤੇ ਨਾਲੇ ਸਿਰ 'ਤੇ ਲੀੜਾ ਰੱਖਿਆ ਕਰ, ਨਿੱਕੀ ਤੇ ਨਹੀਂ, ਸਗੋਂ ਮੁਟਿਆਰ ਹੋ ਗਈ ਏਂ। ਕਲ੍ਹ ਵੀ ਆਈਂ, ਇਸੇ ਵੇਲੇ ਨਿਸੰਗ ਹੋ ਕੇ ਪਾਣੀ ਲੈ ਜਾਈਂ। ਤੇਰੀ ਮਾਂ ਬਿਮਾਰ ਏ ਨਾ, ਉਹਨੂੰ ਠੰਡੇ ਪਾਣੀ ਦੀ ਲੋੜ ਏ ਤੇ ਆਪਣੀ ਆਪਣੀ ਹੁੰਦੀ ਏ ?

ਨੂਰਾਂ : ਤੁਸੀਂ ਵੱਡੇ ਆਦਮੀ ਓ, ਬਖਸ਼ ਦਿਓ ਸਾਨੂੰ ਕਮੀਣਾ ਨੂੰ, ਹਾਏ ਬਖਸ਼ ਦਿਓ।

ਮਲਕ : ਬਖਸ਼ੋ ਦੀ ਬੱਚੀ, ਹੁਣ ਤੂੰ ਨਿੱਕੀ ਤਾਂ ਨਹੀਂ ਸਗੋਂ ਮੁਟਿਆਰ ਹੋ ਗਈ ਏਂ।

ਨੂਰਾਂ : ਮੇਰੇ ਕੋਲੋਂ ਨਹੀਂ ਆਇਆ ਜਾਣਾ।

ਮਲਕ : ਕਿੱਦਾਂ ਨਹੀਂ ਆਏਂਗੀ ਭਲਾ ਤੂੰ, ਮੈਂ ਸਿੱਜ ਲਵਾਂਗਾ ਤੇਰੇ ਪਿਓ ਦੀ ਪੈਲੀ।

ਨੂਰਾਂ : ਹਾਏ ਉਹਦੀ ਸ਼ਾਮਤ ਨਾ ਲਿਆਉਣੀ, ਹਾਏ ਸਾਨੂੰ ਬਖ਼ਸ਼ ਦਿਓ, ਮੈਂ ਰੋਜ਼ ਆ ਜਾਇਆ ਕਰਾਂਗੀ, ਇਸੇ ਵੇਲੇ।

ਮਲਕ : ਹਾਂ ਇਸੇ ਵੇਲੇ, ਤੇ ਨਾਲ ਸਿਰ 'ਤੇ ਲੀੜਾ ਰੱਖਿਆ ਕਰ, ਧੁੱਪ ਵਜੋਂ ਵੀ ਬਚਾ ਹੁੰਦਾ ਏ।

*(ਮਲਕ ਖਚਰੀ ਹਾਸੀ ਹੱਸਦਾ ਹੋਇਆ ਪਿੱਛੇ ਮੁੜਦਾ ਏ ਤੇ ਨੂਰਾਂ ਵੀ ਇਕ ਪਾਸੇ ਜਾਂਦੀ ਹੈ ਤੇ ਪੂਜੇ ਪਾਸੇ ਤੋਂ ਬਾਹਰ ਆਉਂਦੀ ਹੈ।)*

ਨੂਰਾਂ : ਤੇ ਫੇਰ ਮੈਂ ਹਰ ਰੋਜ਼ ਪਾਣੀ ਲੈਣ ਜਾਂਦੀ। ਮਲਕਾਂ ਦਾ ਡਰ, ਹਰ ਵੇਲੇ ਦਾ ਸਹਿਮ। ਮੈਂ ਕਿਸ ਅੱਗੇ ਫਰਿਆਦ ਕਰਦੀ, ਜੇ ਕਰਦੀ ਵੀ ਤਾਂ ਹਰ ਇਕ ਨੇ ਮੈਨੂੰ ਝੂਠਾ ਕਰਨਾ ਸੀ। ਮੈਂ ਚੁੱਪ ਰਹੀ ਤੇ ਸਭ ਕੁਝ ਸਹਿੰਦੀ ਰਹੀ।

*(ਦੂਰੋਂ ਅਵਾਜ਼, ਹਾਂ ਇਸ ਗੱਲ ਦਾ ਫ਼ੈਸਲਾ ਹੋਣਾ ਚਾਹੀਦੈ। ਪਿੰਡ ਦੀ ਇਜ਼ਤ ਦਾ ਸਵਾਲ ਹੈ। ਨੂਰਾਂ ਸਹਿਮਦੀ ਹੈ। ਪਿੰਡ ਦੇ ਲੋਕ ਆਉਂਦੇ ਹਨ, ਮਲਕ ਸਾਰਿਆਂ ਨਾਲੋਂ ਅੱਗੇ ਹੈ, ਦੀਨਾ ਅਰਾਈ ਅਗੇ ਹੁੰਦਾ ਹੈ।)*

ਦੀਨਾ : ਮੈਨੂੰ ਬਖਸ਼ ਦਿਓ ਹਜ਼ੂਰ।

ਇਕ : ਓਦੋਂ ਤੂੰ ਸੁੱਤਾ ਹੋਇਆ ਸੈਂ, ਪਤਾ ਨਾ ਕੀਤੋ, ਇਹ ਕਿਥੇ ਕਿਥੇ ਖੇਹ ਖਾਂਦੀ ਰਹੀ।

ਦੋ : ਤੇਰੀ ਬਦਚਲਨ ਧੀ ਨੇ ਮਲਕ ਸਾਹਿਬ ਦੇ ਪਿੰਡ ਦਾ ਨੱਕ ਵੱਢ ਦਿੱਤਾ ਏ।

ਤਿੰਨ : ਮੈਂ ਇਕ ਦਿਨ ਇਹਦੀ ਧੀ ਨੂੰ ਬੁਰਕਾ ਪਾਈ ਤੱਕਿਆ। ਮੈਂ ਹਰਿਆਨ, ਅਖੇ ਕਿਥੇ ਤੇ ਮੇਮਾਂ ਵਾਂਗ ਸਿਰ ਤੋਂ ਵੀ ਲੀੜਾ ਲਾਹੀ ਫਿਰਨਾ ਤੇ ਕਿਥੇ ਇਹ ਸਾਊ ਧੀਆਂ ਵਾਲਾ ਵੇਸ।

ਇਕ : ਇਹ ਤੇ ਇਹਨੇ ਬੁਰਕਾ ਪਾਇਆ ਹੋਇਆ।

ਦੋ : ਮੈਨੂੰ ਤਾਂ ਓਦਨ ਹੀ ਖੁਟਕ ਗਈ ਸੀ, ਜ਼ਰੂਰ ਦਾਲ ਵਿਚ ਕੁਝ ਕਾਲਾ ਕਾਲਾ ਏ।

ਤਿੰਨ : ਤੇ ਉਹ ਦਿਨ ਤੇ ਫੇਰ ਕਲ੍ਹ ਰਾਤ ਇਹਦੇ ਘਰੋਂ ਚੀਕਾਂ।

ਬਾਕੀ : ਚੀਕਾਂ

ਤਿੰਨ : ਤੇ ਰਹਿਮਤੇ ਬੀਬੀ ਦਾ ਇਹਦੇ ਘਰੋਂ ਨਿਕਲਣਾ ।

ਇਕ : ਚੀਕਾਂ ਤਾਂ ਨਿਕਲਣੀਆਂ ਹੋਣੀਆਂ ਹਰਾਮ ਦੇ ਤੁਖਮ ਦੀ ਤਕਲੀਫ ਵੀ ਵੱਧ ਈ ਹੁੰਦੀ ਏ।

ਮਲਕ : ਦੀਨਿਆ ਇਹਦਾ ਤੈਨੂੰ ਡੰਨ ਭਰਨਾ ਪਏਗਾ, ਤਾਂ ਜੋ ਬਾਕੀ ਪਿਓਆਂ ਦੇ ਕੰਨ ਹੋ ਜਾਣ। ਪਹਿਲੀ ਗੱਲ ਤੇ ਇਹ ਕਿ ਤੈਨੂੰ ਮਾਂ ਤੇ ਬੱਚੇ ਦੀ ਸੰਘੀ ਘੁੱਟਣੀ ਹੋਵੇਗੀ।

ਇਕ : ਹਾਂ ਜੀ ਅਸੀਂ ਆਪਣੇ ਪਿੰਡ ਅਜਿਹੀ ਬਦਜ਼ਾਤ ਨਹੀਂ ਰਹਿਣ ਦੇਣੀ।

ਦੋ : ਆਹੋ ਜੀ ਅਜਿਹਾ ਸਾਡੇ ਪਿੰਡ ਕਦੇ ਨਹੀਂ ਹੋਇਆ।

ਤਿੰਨ : ਸਾਰੇ ਪਿੰਡਾਂ ਵਿਚੋਂ ਸਾਊ ਸਾਡਾ ਪਿੰਡ ਏ।

ਇਕ : ਅਸੀਂ ਨਹੀਂ ਅਜਿਹੀ ਬਦਜ਼ਾਤ ਇਥੇ ਰੱਖਣੀ।

ਦੋ : ਦੀਨੇ ਨੂੰ ਇਹਦਾ ਹੋਰ ਵੀ ਡੰਨ ਭਰਨਾ ਪਏਗਾ।

ਤਿੰਨ : ਤੂੰਹੀਓ ਦੱਸ ਦੀਨਿਆ।

ਮਲਕ : ਇਹ ਕੀ ਦੱਸੇਗਾ ? ਬਸ ਵਿਹੜੇ ਵਿਚ ਖਲੋਤੀ ਮੱਝ ਖੋਲ ਦੇ।

ਦੀਨਾ : ਮੱਝ ? ਹਾਲੀ ਤਾਂ ਇਹਨੂੰ ਪਹਿਲਾ ਸੂਆ ਪਿਆ ਏ।

ਇਕ : ਪਹਿਲਾ ਪਿਆ ਏ ਕਿ ਦੂਜਾ, ਇਹਦੇ ਨਾਲ ਕੀ ਫਰਕ ਪੈਂਦਾ ਏ।

ਦੋ : ਹਾਹੋ ਇਹਦੇ ਨਾਲ ਕੀ ਫਰਕ ਪੈਂਦਾ ਏ।

ਦੀਨਾ : ਪਰ

ਤਿੰਨ : ਪਰ ਪੁਰ ਕੀ ? ਸ਼ੁਕਰ ਕਰ ਮਲਕ ਹੋਰਾਂ ਨੇ ਏਨਾਂ ਹੀ ਡੰਨ ਕਿਹਾ ਏ।

ਮਲਕ : ਨਾਲੇ ਮਾਂ ਤੇ ਬੱਚੇ ਦੀ ਸੰਘੀ ਘੁੱਟਣੀ ਹੋਵੇਗੀ।

ਦੀਨਾ : ਮੈਂ ਮੱਝ ਆਪ ਖੋਲ ਕੇ ਮਲਕ ਸਾਹਿਬ ਦੇ ਬੰਨ ਆਵਾਂਗਾ। ਮੈਂ ਹਰਾਮੀ ਬੱਚੇ ਦੀ ਸੰਘੀ ਵੀ ਘੁੱਟ ਦੇਵਾਂਗਾ। ਪਰ ਕੁੜੀ ਨੂੰ ਮਾਰਨ ਦਾ ਹੁਕਮ ਨਾ ਦਿਓ, ਰੁੜ ਖੁੜ ਕੇ ਆਪਣੇ ਗੁਨਾਹਾਂ ਦੀ ਸਜ਼ਾ ਭੁਗਤ ਲੈਣ ਦਿਓ ਸੂ। ਬਖ਼ਸ਼ ਦਿਓ ਮਾਲਕੋ ਬਖਸ਼ ਦਿਓ।

*(ਦੀਨਾ ਮਲਕ ਦੇ ਪੈਰਾਂ 'ਤੇ ਡਿੱਗਦਾ ਹੈ, ਕੁਝ ਚਿਰ ਲਈ ਸਟਿੱਲ)*

ਨੂਰਾਂ : ਮੇਰੇ ਬਾਪ ਨੇ ਉਹ ਮੱਝ ਦੇਣੀ ਮੰਨ ਲਈ। ਉਹ ਨਿੱਕੀ ਕੱਟੀ ਸੀ, ਜਦੋਂ ਅਸੀਂ ਉਸ ਨੂੰ ਪਾਲਣਾ ਸ਼ੁਰੂ ਕੀਤਾ। ਉਹ ਨੇ ਸ਼ਾਇਦ ਹੋਣ ਵਾਲੀ ਘਟਨਾ ਦੀ ਵਾ ਸੁੰਘ ਲਈ, ਉਹ ਜ਼ੋਰ ਦੀ ਅੜਿੰਗੀ।

ਮਲਕ : ਜਾ ਓਏ ਦੀਨਿਆ ਸੰਗਲ ਖੋਲ, ਚੀਕਦੀ ਏ, ਔਖਾ ਅੜਿੰਗਦੀ ਏ, ਕੀ ਇਹਦੇ ਵੀ ਕੋਈ ਹਰਾਮ ਦਾ ਤੁਖਮ ਏ।

*(ਬਾਕੀ ਹੱਸਦੇ ਹਨ, ਇਕ ਪਾਸੇ ਜਾਂਦੇ ਹਨ...ਨੂਰਾਂ ਇਕ ਮੁਦਰਾ ਵਿਚ ਵਿਸ਼ੇਸ਼ ਮੂਕ ਹੁੰਦੀ ਹੈ, ਜਿਸ ਤਰ੍ਹਾਂ ਉਹ ਬਹੁਤ ਕੁਝ ਕਹਿਣਾ ਚਾਹੁੰਦੀ ਹੈ ਪਰ ਕਹਿ ਨਹੀਂ ਸਕਦੀ ਤੇ ਹੋਲੇ ਹੋਲੇ ਪਿੱਛੇ ਜਾਂਦੀ ਹੈ। ਸਟੇਜ ਖਾਲੀ ਹੁੰਦੀ ਹੈ।)*

ਪਿਛੋਂ ਅਵਾਜ਼ :

ਮੇਰੀ ਧਰਤੀ ਮੇਰੇ ਲੋਕ, ਭੋਲੇ ਭਾਲੇ ਸਿਧੇ ਲੋਕ
ਅਤਿ ਗਰੀਬੀ ਵਿਚ ਹਨ ਰਹਿੰਦੇ, ਭੁੱਖੇ ਢਿੱਡ ਦਿਲਾਂ 'ਚ ਸੋਗ
ਮੇਰੀ ਧਰਤੀ ਮੇਰੇ ਲੋਕ
ਪੈਰ ਪੈਰ 'ਤੇ ਪੱਤ ਗਰੀਬਾਂ ਦੀ ਹੈ ਰੁਲਦੀ
ਨਾ ਪੈਸੇ ਵਾਲਿਆਂ ਨੂੰ ਕੋਈ ਰੋਕ
ਮੇਰੀ ਧਰਤੀ ਮੇਰੇ ਲੋਕ, ਭੋਲੇ ਭਾਲੇ ਸਿੱਧੇ ਲੋਕ।

ਕਥਾਕਾਰ : ਇਹਦਾ ਵੀ ਕੋਈ ਹਰਾਮ ਦਾ ਤੁਖਮ ਏ, ਜੋ ਏਨਾ ਚੀਕਦੀ ਏ ਤੇ ਨਵਤੇਜ ਦੇ ਕਹੇ ਇਸ ਫਿਕਰੇ ਵਿਚ ਜ਼ਿੰਦਗੀ ਵਿਚ ਉਹ ਚੀਖ ਛੁੱਪੀ ਹੋਈ ਸੀ, ਜੋ ਹਜ਼ਾਰਾਂ ਹੀ ਨੂਰੀਆਂ ਦੇ ਗਲਿਆਂ ਤੋਂ ਨਿਕਲਦੀ ਪਰ ਇਸ ਸਮਾਜ ਦੇ ਸ਼ੋਰ ਵਿਚ ਮੁੱਕ ਜਾਂਦੀ ਹੈ। ਇਸ ਸੋਚ ਦੀ ਸਾਰਿਆਂ ਨਾਲੋਂ ਉੱਚੀ ਸੁਰ ਉਸ ਵੇਲੇ ਹੁੰਦੀ ਹੈ ਜਦੋਂ ਸਮਾਜ ਦੇ ਸਭ ਤੋਂ ਵੱਡੇ ਚੋਰ, ਜ਼ਿੰਦਗੀ ਦੇ ਸਾਰਿਆਂ ਨਾਲੋਂ ਵੱਡੇ ਦੋਖੀ ਦੇਸ਼ ਦੇ ਸੇਵਾਦਾਰ ਹੋਣ ਦਾ ਢੌਂਗ ਰਚ ਕੇ ਚੋਣਾਂ ਦੇ ਮੈਦਾਨ ਵਿਚ ਕੁੱਦਦੇ ਹਨ। ਇਹਨਾ ਦੀ ਇਕ ਕਹਾਣੀ 'ਪੰਡਿਤ ਨਹਿਰੂ ਲਈ ਵੋਟ' ਵਾਲੀ ਕਹਾਣੀ ਵਿਚ ਲਿਖੀ ਗਈ, ਇਹ ਉਸ ਸੁੰਦਰਾਂ ਵੱਲੋਂ ਉਸ ਚਿੱਠੀ ਦੀ ਸ਼ਕਲ ਵਿਚ ਹੈ, ਜੋ ਸੁੰਦਰਾਂ ਉਸ ਬਕਸੇ ਵਿਚ ਪਾਉਂਦੀ ਹੈ, ਜਿਥੇ ਉਹ

ਦਾ ਸਭ ਕੁਝ ਲੁੱਟਣ ਵਾਲਾ ਕੰਵਰ ਸਾਹਿਬ ਖੱਦਰ ਧਾਰੀ ਹੋ ਕੇ ਉਹਦੇ ਆਦਰਸ਼ ਦੇ ਦੇਵਤਾ ਜਵਾਹਰ ਲਾਲ ਵਾਲੀ ਸੰਦੂਕੜੀ ਸਾਂਭੀ ਬੈਠਾ ਸੀ। ਸੁੰਦਰਾ ਲਿਖਦੀ ਹੈ)

ਸੁੰਦਰਾਂ ਦੀ ਅਵਾਜ਼ ਪਿੱਠ ਭੂਮੀਂ 'ਤੇ : ਮੇਰੇ ਦੇਵਤਾ, ਦੈਂਤ ਤੇਰੀਆਂ ਮੂਰਤਾਂ ਲੋਕਾਂ ਨੂੰ ਵਿਖਾ ਕੇ ਆਪਣੇ ਲਈ ਵੋਟਾਂ ਮੰਗਦੇ ਫਿਰਦੇ ਨੇ। ਇਹ ਕੌਤਕ ਮੇਰੀ ਛੋਟੀ ਬੁੱਧ ਵਿਚ ਨਹੀਂ ਪਿਆ। ਤੂੰ ਸਾਡੇ ਦਿਲਾਂ ਦਾ ਰਾਜਾ ਏਂ, ਮੈਂ ਤੇਰਾ ਡੱਬਾ ਭਰਾਂਗੀ। ਪਰ ਸੁਣਿਆ ਏ ਸਾਡੇ ਇਲਾਕੇ ਵਿਚ ਕੰਵਰ ਜੀ ਦਾ ਡੱਬਾ ਤੇਰੇ ਨਾਲ ਸਾਂਝਾਂ ਏ। ਇਸ ਕੰਵਰ ਨੂੰ ਤੂੰ ਨਹੀਂ ਜਾਣਦੈ ? ਉਦੋਂ ਹਾਲੀ ਫਰੰਗੀਆਂ ਦਾ ਰਾਜ ਸੀ, ਤੁਸੀਂ ਇਕ ਜਲਸੇ ਤੇ ਆਏ ਸੀ। ਇਹ ਇਹੋ ਕੰਵਰ ਸੀ ਜਿਹੜਾ ਆਪਣੀ ਜਗੀਰ ਵਿਚ ਹਰ ਇਕ ਨੂੰ ਤਾੜਣਾ ਕਰਦਾ ਫਿਰਦਾ ਸੀ ਕਿ ਜੇ ਜਾਨ ਲੋੜੀਂਦੀ ਜੇ ਤਾਂ ਕੋਈ ਵੀ ਨੜੇ ਨਹਿਰੂ ਦੇ ਜਲਸੇ ਵਿਚ ਨਾ ਜਾਏ। ਪਰ ਮੈਂ ਤੇਰੇ ਜਲਸੇ ਵਿਚ ਗਈ ਸਾਂ। ਬਗਾਵਤ ਦੇ ਵਿਓ ਵਿਚ। ਮੇਰਾ ਸਭ ਕੁਝ ਇਸ ਕੰਵਰ ਨੇ ਲੁੱਟ ਲਿਆ ਸੀ। ਮੈਂ ਕੰਵਰ ਜੀ ਦੀ ਰਾਣੀ ਨਾਲ ਦਾਜ ਵਿਚ ਆਈ ਸਾਂ ਤੇ ਵਿਆਹ ਤੋਂ ਦੂਜੀ ਰਾਤ ਹੀ ਇਸ ਕੰਵਰ ਦੇ ਹੱਥੋਂ ਲੁੱਟੀ ਗਈ ਸਾਂ। ਪਰਦਾ ਪਾਉਣ ਲਈ ਕੰਵਰ ਜੀ ਨੇ ਅਮਲੀ ਬੁੱਢੜਾ ਮੇਰੇ ਲਈ ਸਹੇੜ ਦਿੱਤਾ ਸੀ, ਜਿਹੜਾ ਛੇਤੀ ਹੀ ਮਰ ਗਿਆ। ਹੁਣ ਜਦੋਂ ਸਾਨੂੰ ਰਾਜਾ ਚੁਨਣ ਦਾ ਹੱਕ ਮਿਲਿਆ ਹੈ ਤੇ ਮੈਂ ਤੇਰਾ ਡੱਬਾ ਭਰਕੇ ਤੈਨੂੰ ਆਪਣੇ ਲੋਕਾਂ ਦਾ ਰਾਜਾ ਚੁਨਣਾ ਏ ਤਾਂ ਉਦੋਂ ਕੰਵਰ ਜੀ ਉਸੇ ਡੱਬੀ 'ਤੇ ਸੰਨ ਲਾਈ ਬੈਠੇ ਸਨ। ਮੇਰੇ ਦੇਵਤਾ, ਵਾਸਤਾ ਈ ਮੇਰੀ ਵੋਟ ਨੂੰ ਆਪਣੇ ਲਈ ਈ ਰਖੀਂ। ਹਾਂ ਇਹ ਤੇਰੇ ਲਈ ਤੇ ਸਿਰਫ਼ ਤੇਰੇ ਲਈ ਏ। ਇਸ ਵਿਚੋਂ ਇਕ ਭੋਰਾ ਵੀ ਕੰਵਰ ਲਈ ਨਹੀਂ, ਉੱਕਾ ਹੀ ਨਹੀਂ। ਇਹ ਇਕ ਮੇਰੀ ਜ਼ਰੂਰੀ ਮੰਨੀ।

ਕਥਾਕਾਰ : ਕਿਸੇ ਸੁੰਦਰਾਂ ਨੇ ਇਹ ਖਤ ਜਵਾਹਰ ਲਾਲ ਨਹਿਰੂ ਨੂੰ ਲਿਖ ਕੇ ਵੋਟਾਂ ਵਾਲੇ ਬਕਸੇ ਵਿਚ ਪਾਇਆ ਸੀ, ਅੱਜ ਸੁੰਦਰਾਂ ਨਹੀਂ ਜਵਾਹਰ ਲਾਲ ਨਹਿਰੂ ਨਹੀਂ, ਨਵਤੇਜ ਨਹੀਂ, ਜਿਸ ਨੇ ਸੁੰਦਰਾਂ ਨੂੰ ਬੋਲ ਦਿੱਤੇ ਸਨ। ਪਰ ਬਾਕੀ ਤੇ ਸਭ ਕੁਝ ਉਸੇ ਤਰ੍ਹਾਂ ਦਾ ਉਸੇ ਤਰ੍ਹਾਂ ਹੈ। ਹਰ ਖੱਦਰਧਾਰੀ ਨਿੱਕਾ-ਮੋਟਾ ਕੰਵਰ ਜ਼ਰੂਰ ਹੈ। ਸੁੰਦਰਾਂ ਦੇ ਕੋਲ ਇਹਨਾਂ ਵੋਟਾਂ ਦੇ ਡੱਬਿਆਂ ਵਿਚ ਜ਼ਰੂਰ ਡੁੱਬ ਗਏ ਹਨ। ਹੁਣ ਤੇ ਡੱਬੇ ਵਾਲੇ ਕੰਵਰ ਹੀ ਕੰਵਰ ਹਨ ਤੇ ਇਹਨਾਂ ਡੱਬਿਆਂ ਦੀ ਖੇਡ ਨੇ ਸਮਾਜ ਦੀ ਸਾਰੀ ਦੌਲਤ, ਸਮਾਜ ਦੀਆਂ ਸਾਰੀਆਂ ਨਿਆਮਤਾਂ ਉਹਨਾਂ ਦੇ ਹੱਥਾਂ ਵਿਚ ਦੇ ਦਿੱਤੀਆਂ ਹਨ, ਜੋ ਜਿੰਦਗੀ ਦੀ ਹਰ ਸੁਖਮਤਾ, ਹਰ

ਸੋਹਜ ਤੋਂ ਵਾਂਝੇ ਸਨ, ਜਿਨ੍ਹਾਂ ਦਾ ਇਕ ਨਕਸ਼ਾ ਨਵਤੇਜ ਨੇ ਆਖਰੀ ਸਾਲ ਵਿਚ ਆਪਣੀ ਇਕ ਕਹਾਣੀ ਵਿਚ ਪੇਸ਼ ਕੀਤਾ ਹੈ।

*(ਤਿੰਨ ਲੋਕ ਬੈਠੇ ਹਨ, ਉਹਨਾਂ ਦੇ ਪਹਿਰਾਵੇ ਵਿਚ ਉਹ ਰੱਜੇ ਪੁੱਜੇ ਲੋਕ ਹਨ ਪਰ ਐਵੇਂ ਫਜ਼ੂਲ ਜਿਹੇ)*

ਇਕ : ਅੱਜ ਭਾਈ ਸਾਹਿਬ ਅੰਗਰੇਜ਼ੀ ਫ਼ਿਲਮ ਵੇਖੀ, ਉਹ ਚੁੰਮੀਆਂ। ਸਹੁੰ ਗੁਰੂ ਦੀ ਮੀਲ ਮੀਲ ਲੰਮੀਆਂ ਚੁੰਮੀਆਂ... ਮਜ਼ਾ ਆ ਗਿਆ।

ਦੋ : ਆਪਣੀਆਂ ਫ਼ਿਲਮਾਂ ਤਾਂ ਗੌਣ ਪਾਣੀ ਕਰਕੇ ਹੀ ਡੰਗ ਟੱਪਾ ਛੱਡਦੇ ਨੇ।

ਤਿੰਨ : ਪਰ ਹੁਣ ਯਾਰ ਪਹਿਲੀ ਵਾਲੀ ਗੱਲ ਨਹੀਂ, ਕੁਝ ਛਲਾਵਾ ਜਿਹਾ ਜ਼ਰੂਰ ਦੇਣ ਲੱਗ ਪਏ ਨੇ।

ਦੋ : ਓਏ ਇਹਦਾ ਕੀ ਫਾਇਦਾ ? ਹੀਰੋ ਹੀਰੋਹਿਨ ਨੂੰ ਨੇੜੇ ਤਾਂ ਲੈ ਆਓ, ਪਰ ਜਦੋਂ ਅਸਲ ਮੂਲ ਮੁਦਾ ਸ਼ੁਰੂ ਹੋਣ ਲੱਗਦਾ ਏ, ਓਦੋਂ ਕਮਬਖਤ ਕੈਮਰਾ ਹੀ ਹਟਾ ਲੈਂਦੇ ਨੇ।

ਤਿੰਨ : ਸਾਲਾ ਇਕ ਦਮ ਨਕਲੀ ਮਾਲ, ਆਪਣੇ ਦੇਸ਼ ਵਿਚ ਹਰ ਇਕ ਚੀਜ਼ ਨਕਲੀ, ਘਿਓ ਵੀ ਨਕਲੀ, ਸ਼ਹਿਦ ਵੀ ਨਕਲੀ ਤੇ ਚੁੰਮੀ ਵੀ ਨਕਲੀ। ਅੱਜ ਅਖ਼ਬਾਰ ਵਿਚ ਕਿਸ਼ੋਰ ਕੁਮਾਰ ਦਾ ਇਕ ਬਿਆਨ ਪੜ੍ਹਿਆ ਸੀ।

ਦੋ : ਅੱਛਾ ਤੁਸੀਂ ਪੜ੍ਹਦੇ ਵੀ ਹੁੰਦੇ ਹੋ ?

ਤਿੰਨ : ਓਏ ਸੁਣ ਤਾਂ ਸਹੀ। ਸਿਨਮੇ ਵਿਚ ਚੁੰਮੀਆਂ ਬਾਰੇ ਸੀ।

ਦੋ : ਅੱਛਾ ਕੀ ਬਿਆਨ ਪੜ੍ਹਿਆ ਸੀ, ਕਿਸ਼ੋਰ ਕੁਮਾਰ ਨਾ ਹੋਇਆ ਮੁਰਾਰਜੀ ਡੀਸਾਈ ਹੋ ਗਿਆ।

ਇਕ : ਓਏ ਕੁਝ ਪੀਣ ਪਿਆਉਣ ਦੀ ਵੀ ਸਲਾਹ ਜੇ ਕਿ ਐਵੇਂ ਚੱਖ ਚੱਖ ਹੀ ਕਰੀ ਜਾਓਗੇ। ਦਸੋਂ ਬੀਅਰ ਪੀਓਗੇ ਕਿ ਵਿਸਕੀ ?

ਦੋ : ਬਈ ਅਸੀਂ ਤਾਂ ਉਹਨਾਂ ਵਿਚੋਂ ਹਾਂ, ਜਿਨ੍ਹਾਂ ਨੂੰ ਕਿਸੇ ਪੁੱਛਿਆ ਸੀ ਕਿ ਵਾਈਨ ਪੀਓਗੇ ਕਿ ਬੀਅਰ ਜਾਂ ਵਿਸਕੀ ? ਤਾਂ ਅਗੋਂ ਜਵਾਬ ਦਿੱਤਾ ਸੀ ਪਹਿਲਾਂ ਬੀਅਰ, ਫੇਰ ਵਾਈਨ ਤੇ ਪਿਛੋਂ ਵਿਸਕੀ ਵੀ ਹੋ ਜਾਏ।

ਇਕ : ਲੈ ਤਾਂ ਇਥੇ ਵੀ ਕਾਹਦਾ ਘਾਟਾ ਏ, ਗੁਰੂ ਦੀ ਬੜੀ ਮਿਹਰ ਏ। ਪਹਿਲਾਂ ਬੀਅਰ ਤੇ ਫੇਰ ਵਿਸਕੀ ਸਹੀ। ਹਾਂ ਵਾਈਨ ਹੈ ਨਹੀਂ। ਰਿਸਟਰਿਕਸ਼ਨ ਹੀ ਬੜੀ ਏ।

ਦੋ : ਮਾਰ ਘੱਤਿਆ ਬਾਮਣਾ ਦੇ ਰਾਜ ਨੇ, ਹਰ ਗੱਲ ਦੀ ਰਿਸਟਰਿਕਸ਼ਨ ਹੀ ਰਿਸਟਰਿਕਸ਼ਨ।

ਤਿੰਨ : ਇਹਨਾਂ ਦਾ ਵੱਸ ਚਲੇ ਤਾਂ ਸ਼ਰਾਬ ਦੀਆਂ ਸਾਰੀਆਂ ਦੁਕਾਨਾਂ ਬੰਦ ਕਰਕੇ ਮੂਤ ਦੀਆਂ ਦੁਕਾਨਾਂ ਖੋਲ ਲੈਣ। ਗਾਂ ਦਾ ਮੂਤ, ਬਕਰੀ ਦਾ ਮੂਤ, ਬੰਦੇ ਦਾ ਮੂਤ।

ਇਕ : ਇਸ ਗੱਲੋਂ ਪਾਕਿਸਤਾਨ ਮੌਜ ਸੀ।

ਤਿੰਨ : ਲੈ ਇਹ ਤਾਂ ਪੁੱਛਣਾ ਭੁੱਲ ਹੀ ਗਿਆ, ਲਾਹੌਰ ਦੀ ਸੈਰ ਫੇਰ ਕਿਸ ਤਰ੍ਹਾਂ ਰਹੀ ?

ਦੋ : ਲਾਹੌਰ ਗਏ ਸਨ ਸਰਦਾਰ ਜੀ ? ਫੇਰ ਤਾਂ ਇਹ ਹੁਣ ਜੰਮ ਪਏ ਕਿ...

ਤਿੰਨ : ਕਿਉਂ ਅੱਗੇ ਨਹੀਂ ਸਨ ਜੰਮੇ ?

ਦੋ : ਉਂਝ ਤਾਂ ਜੰਮਣ ਨੂੰ ਤੂੰ ਵੀ ਜੰਮਿਆ ਹੋਇਆ ਏਂ, ਪਰ ਇਕ ਗੱਲ ਤਾਂ ਮੰਨੀ ਹੋਈ ਏ, ਜਿੰਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਨਹੀਂ।

ਤਿੰਨ : ਪਰ ਇਹ ਸਬੱਬ ਬਣਿਆ ਕਿਵੇਂ ?

ਦੋ : ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਉਤੇ ਗਏ ਜਥੇ ਨਾਲ।

ਤਿੰਨ : ਵਾਹ ਨਾਲੇ ਪੁੰਨ ਨਾਲੇ ਫਲੀਆਂ।

ਇਕ : ਹਾਂ ਪੁੱਤਰੋ, ਲਾਹੌਰ ਮੈਂ ਫਰਾਂਸ ਤੇ ਇਟਲੀ ਦੀਆਂ ਚੋਣਵੀਆਂ ਸ਼ਰਾਬਾਂ ਪੀਤੀਆਂ।

ਦੋ : ਵਾਹ ਅਸੀਂ ਤਾਂ ਇਹ ਸੁਣਿਆ ਸੀ ਕਿ ਸ਼ਹੀਦੀ ਦਿਨ ਉਤੇ ਕੱਚੀ ਲੱਸੀ ਪੀਂਦੇ ਹੁੰਦੇ ਨੇ।

ਇਕ : ਬਾਊ ਜੀ, ਹੁਣ ਦੁਨੀਆਂ ਬਦਲ ਗਈ ਏ, ਜਮਾਨੇ ਦੇ ਨਾਲ ਨਾਲ ਚੱਲਣਾ ਚਾਹੀਦੈ।

ਦੋ : ਅੱਛਾ ਹੋਰ ਉਥੇ ਕੀ ਦੇਖਿਆ ਤੇ ਕੀ ਲਿਆਇਆ ? ਅੱਜ ਕਲ੍ਹ ਦੋਸਤਾਂ ਵਿਚ ਤੇਰੇ ਕੁੰਜੀਆਂ ਦੇ ਛਲੇ ਦੀ ਬੜੀ ਚਰਚਾ ਏ।

ਇਕ : ਓਏ ਹੌਲੀ ਗੱਲ ਕਰ, ਤੇਰੀ ਭਰਜਾਈ ਨੇ ਸੁਣ ਲਿਆ ਤਾਂ ਸਿਆਪਾ ਖੜਾ ਹੋ ਜਾਏਗਾ।

ਤਿੰਨ : ਯਾਰ ਇਹ ਛੱਲਾ ਸ਼ੈਅ ਕੀ ਏ ? ਸਾਨੂੰ ਵੀ ਹੁਣ ਚਾਨਣਾ ਪਾਓ।

ਦੋ : ਓਏ ਇਹ ਤੇਰੇ ਕੰਮ ਦੀ ਚੀਜ਼ ਨਹੀਂ, ਤੂੰ ਹਾਲੇ ਬੱਚਾ ਏਂ। ਤੂੰ ਕਿਸ਼ੋਰ ਕੁਮਾਰ ਦੇ ਬਿਆਨ ਹੀ ਪੜ੍ਹਿਆ ਕਰ।

ਤਿੰਨ : ਕੁਝ ਦਸੋ ਵੀ।

ਦੋ : ਦਸ ਸੂ ਕੁਝ ਯਾਰ, ਇਹ ਤਾਂ ਮਰਦਾ ਹੀ ਜਾਂਦਾ ਏ।

ਇਕ : ਓਏ ਇਹ ਇਕ ਜਾਦੂ ਦਾ ਛੱਲਾ ਏ, ਜਾਂ ਕਹਿ ਲਵੋ ਕੁੰਜੀਆਂ ਨਾਲ ਲਟਕਾਉਣ ਵਾਲੀ ਪਲਾਸਟਿਕ ਦੀ ਇਕ ਡੱਬੀ ਏ, ਜਿਸ ਵਿਚ ਜਾਣ ਲਵੋ ਦੁਨੀਆਂ ਦੀ ਕਾਇਨਾਤ ਬੰਦ ਏ, ਇਕ ਡੱਬੀ, ਜਿਸ

ਵਿਚ ਸੱਤ ਹੁਸੀਨਾਂ ਬੰਦ ਨੇ। ਉਹ ਵੀ ਕੱਪੜਿਆਂ ਤੋਂ ਬਗੈਰ। ਡੱਬੀ ਵਿਚ ਇਕ ਮੋਰੀ ਏ, ਉਸ ਉੱਤੇ ਅੱਖ ਲਾਵੋ, ਪੇਚ ਘੁੰਮਾਈ ਜਾਵੋ ਤੇ ਵਾਰੀ ਵਾਰੀ ਸਭ ਦਾ ਸੁਆਦ ਲੈਂਦੇ ਜਾਵੋ, ਜਾਂ ਸਮਝੋ ਬਸ ਸ਼ਹੀਦ ਹੁੰਦੇ ਜਾਵੋ।

ਦੋ : ਹੁਣ ਸਮਝਿਆ ਲਾਲੇ ਦੀ ਜਾਨ, ਪੰਜਵੀਂ ਪਾਤਸ਼ਾਹੀ ਤੱਤੀ ਤਵੀ 'ਤੇ ਸ਼ਹੀਦ ਹੋਏ ਤੇ ਸਾਡੇ ਸਰਦਾਰ ਜੀ ਪਲਾਸਟਿਕ ਦੀ ਡੱਬੀ 'ਤੇ।

ਇਕ : ਓਏ ਸਮੇਂ ਸਮੇਂ ਦੀ ਗੱਲ ਏ।

ਤਿੰਨ : ਲੈ ਫੇਰ ਤਾਂ ਸਰਦਾਰ ਜੀ ਹੀਰਾ ਮੰਡੀ ਡੱਬੀ ਵਿਚ ਬੰਦ ਕਰਕੇ ਨਾਲ ਲੈ ਆਏ ਕਿ।

ਇਕ : ਓਏ ਮੂਰਖੋ, ਅਜਿਹੇ ਦਾਣੇ ਹੀਰਾ ਮੰਡੀ ਵਿਚ ਕਿਥੇ ? ਇਹ ਤਾਂ ਐਨ original impoted (ਉਰੀਜਨਲ ਇਮਪੋਰਟਿਡ) ਦਾਣੇ ਨੇ, ਅਮਰੀਕਾ ਦੀਆਂ ਪਰੀਆਂ।

ਦੋ : ਤੈਨੂੰ ਕਿਵੇਂ ਪਤਾ ਏ ਹੀਰਾ ਮੰਡੀ ਵਿਚ ਅਜਿਹੇ ਦਾਣੇ ਨਹੀਂ ?

ਇਕ : ਓਏ ਓਥੇ ਵੀ ਮੈਂ ਹੋ ਆਇਆਂ ਐਤਕੀ। ਬੜੀ ਹੀਰਾ ਮੰਡੀ ਲਈ ਫਿਰਦੇ ਸੋ। ਲਾਹੌਰ ਜਿਥੇ ਗੁਰਦੁਆਰੇ ਵਿਚ ਠਹਿਰੇ ਸਾਂ ਅਸੀਂ ਹੀਰਾ ਮੰਡੀ ਓਥੋਂ ਮਸਾਂ ਦੱਸਾਂ ਮਿੰਟਾਂ ਦੀ ਪੈਦਲ ਵਾਟ 'ਤੇ ਈ ਸੀ।

ਦੋ : ਇਹਨੂੰ ਕਹਿੰਦੇ ਨੇ ਦੀਨ ਵੀ ਸੁਆਰ ਆਇਆ ਤੇ ਦੁਨੀਆਂ ਵੀ।

ਇਕ : ਪੁੱਤਰੋ ਆਖਰ ਤੁਹਾਡਾ ਯਾਰ ਆਂ। ਇਕੋ ਵੇਲੇ ਇਕ ਕੰਮ ਤਾਂ ਹਰ ਲੁੰਡੀ ਬੁੱਚੀ ਕਰ ਲੈਂਦੀ ਏ।

ਤਿੰਨ : ਤੇ ਨਾਵਾਂ ਵੀ ਚੰਗਾ ਵੱਟਿਆ ਹੋਣਾ ਏ ?

ਇਕ : ਬਿਲਕੁਲ ਨਾਵੇਂ ਬਿਨਾਂ ਤਾਂ ਸੁੰਨਾ ਸਭ ਸੰਸਾਰ।

ਤਿੰਨ : ਫੇਰ ਵੀ ਕੀ ਅਕਾਊਂਟ ਬਣਿਆ ?

ਇਕ : ਜੋ ਮਾਲ ਏਧਰੋਂ ਲੈ ਗਿਆ ਤੇ ਓਥੇ ਵੇਚ ਕੇ ਜੋ ਏਧਰ ਲਿਆਂਦਾ, ਉਹ ਸਭ ਵੇਚ ਵੱਟ ਕੇ, ਫਰਾਂਸ ਦੀਆਂ ਸ਼ਰਾਬਾਂ ਤੇ ਹੀਰਾ ਮੰਡੀ ਦੇ ਦਾਣੇ ਤੇ ਸਭਨਾ ਸਾਥੀਆਂ ਲਈ ਤੁਹਫੇ, ਡੇਹਰਾ ਸਾਹਿਬ ਕਰਵਾਇਆ ਇਕਵੰਜਾ ਰੁਪਿਆਂ ਦਾ ਪ੍ਰਸ਼ਾਦਿ। ਆਣ-ਜਾਣ ਤੇ ਉਥੇ ਸਫ਼ਰ ਆਦਿਕ ਦਾ ਸਾਰਾ ਖਰਚ ਕੱਟ ਕੇ ਤੇ ਕਸਟਮ, ਪੁਲਿਸ ਵਾਲਿਆਂ ਦਾ ਘਰ ਪੂਰਾ ਕਰਕੇ ਪੰਜਾਂ ਦਿਨਾਂ ਵਿਚ ਪੂਰਾ ਡੇਢ ਹਜ਼ਾਰ ਰੁਪਿਆ ਨੈਟ ਬਚਾਇਆ ਏ। ਕਿਉਂ ਕੈਸੇ ਰਹੇ ?

ਦੋ : ਓਏ ਜ਼ਿੰਦਾਬਾਦ ਓਏ, ਤੇਰੀਆਂ ਨਹੀਂ ਰੀਸਾਂ।

ਇਕ : ਅਗਲੀ ਵਾਰੀ ਸਾਰੀ ਤ੍ਰਿਕੜੀ ਜਾਏ

ਦੋ : ਅੱਛਾ ਇਹ ਦੱਸ, ਆਪਣੇ ਲਈ ਤਾਂ ਲਿਆਇਆਂ ਕੁੰਜੀਆਂ ਦਾ

ਗੁੱਛਾ, ਭਰਜਾਈ ਲਈ ਕੀ ਲਿਆਇਆਂ ?

ਇਕ : ਓਏ ਉਹਦੇ ਲਈ ਕੀ ਲਿਆਉਣਾ ਸੀ ? ਉਹ ਤਾਂ ਹੋਈ ਸੀਤਾ ਸਵਿਤਰੀ, ਇਕ ਨਾਈਟੀ ਲਿਆਇਆ ਸੀ ਬੜੇ ਹੀ ਮੁਲਾਇਮ ਕਪੜੇ ਦੀ, ਜਿਹੋ ਜਹੀਆਂ ਮੇਮਾਂ ਅੰਗਰੇਜ਼ੀ ਫ਼ਿਲਮਾਂ ਵਿਚ ਪਾਉਂਦੀਆਂ ਨੇ।

ਦੋ : ਇਹ ਹੋਈ ਨਾ ਗੱਲ, ਪਹਿਲੇ ਛੱਲੇ ਵਾਲੀ ਡੱਬੀ ਵਿਚ ਵੇਖੋ ਤੇ ਫੇਰ ਆ ਜਾਓ ਨਾਈਟੀ ਵਾਲੀ ਭਰਜਾਈ ਕੋਲ, ਦੂਹਰੇ ਗੱਫੇ।

ਇਕ : ਓਏ ਕਿਥੇ ? ਇਹੋ ਜਿਹੇ ਸਾਡੇ ਨਸੀਬ ਕਿਥੇ ? ਇਕ ਦਿਨ ਨਹੀਂ ਪਾ ਕੇ ਵੇਖੀ ਕਿ ਮੈਂ ਨਹੀਂ ਪਾਉਂਦੀ ਕਿਸੇ ਮੇਮ ਦੀ ਲੱਥੀ ਹੋਈ।

ਤਿੰਨ : ਮੇਮ ਦੀ ਲੱਥੀ ਹੋਈ ?

ਦੋ : ਤੇ ਹੋਰ ਕੀ। ਇਹ ਕਿਹੜਾ ਨਵੀਂ ਲਿਆਇਆ ਹੋਣਾ ਏ। ਲੰਡੇ ਬਜ਼ਾਰ ਤੋਂ ਚੁੱਕ ਲਿਆਇਆ ਹੋਣਾ ਏ।

ਇਕ : ਨਾ ਇਸ ਵਿਚ ਝੂਠ ਕੀ ਏ ? ਵਧੀਆ ਤੋਂ ਵਧੀਆ ਮਾਲ ਮਿਲ ਜਾਂਦਾ ਏ। ਇਹਨ੍ਹਾਂ ਬਜ਼ਾਰਾਂ ਵਿਚ, ਪਰਖਣ ਵਾਲੀ ਅੱਖ ਹੋਣੀ ਚਾਹੀਦੀ ਏ। ਅਮਰੀਕਾ ਤੇ ਯੋਰਪ ਦਾ ਲੱਥਾ ਹੋਇਆ ਮਾਲ ਚੰਗਾ ਏ।

ਦੋ : ਪਰ ਜੂਠੀ ਚੀਜ਼ ਜੂਠੀ ਹੀ ਹੁੰਦੀ ਏ।

ਇਕ : ਐਵੇਂ ਬੁੜੀਆਂ ਵਾਲੇ ਵਹਿਮ।

ਤਿੰਨ : ਅੱਛਾ ਹੁਣ ਗੱਲਾਂ ਹੀ ਬਣਾਈ ਜਾਏਂਗਾ, ਕੁਝ ਪੀਣ ਪਿਲਾਉਣ ਲਈ ਵੀ ਮੰਗਵਾ।

ਇਕ : ਚਲੋ ਉਤੇ ਚੁਬਾਰੇ 'ਚ ਚਲੇ ਚਲੋ, ਨਾਲੇ ਪੀਵੋ ਤੇ ਨਾਲੇ ਛੱਲੇ ਵਾਲੀਆਂ ਅੱਠ ਪਰੀਆਂ ਦੇ ਦਰਸ਼ਨ ਕਰੋ।

ਤਿੰਨ : ਅੱਠ ਪਰੀਆਂ ?

ਦੋ : ਉਏ ਸੱਤ ਛੱਲੇ ਵਾਲੀਆਂ ਤੇ ਅੱਠਵੀਂ ਇਹਦੀ ਨਵੀਂ ਨੌਕਰਾਨੀ ਜਿਹੜੀ ਬਰਫ਼ ਪਕੜਾਉਣ ਆਈ ਸੀ, ਉਹ ਕਿਹੜੀ ਕਿਸੇ ਪਰੀ ਨਾਲੋਂ ਘੱਟ ਏ ?

ਤਿੰਨ : ਅੱਛਾ ਫੇਰ ਤਾਂ ਸਾਕੀ ਦਾ ਵੀ ਇੰਤਜ਼ਾਮ ਏ ਫੇਰ ਪੁੱਛਦੇ ਕੀ ਹੋ ਚਲੋ।

*(ਛੱਲੇ ਦਾ ਗੀਤ ਗੁਣਗਣਾਉਂਦੇ ਹੋਏ ਜਾਂਦੇ ਹਨ।)*

ਕਥਾਕਾਰ : ਤੇ ਇਹੋ ਜਿਹੀ ਤਹਿਜੀਬ ਦੇ ਮਾਲਕਾਂ ਦੇ ਘਰ ਵਿਚ ਨਵਤੇਜ ਦਾ ਇਕ ਹੋਰ ਕਹਾਣੀ ਕੋਟ ਤੇ ਮਨੁੱਖ ਦਾ ਨਾਇਕ ਮਾਸਟਰ ਈਸ਼ਰ ਦਾਸ ਟਿਊਸ਼ਨ ਪੜ੍ਹਾਉਣ ਜਾਂਦਾ ਹੈ। ਆਪਣੇ ਨਾਲਾਇਕ ਬੱਚਿਆਂ ਲਈ ਟਿਊਸ਼ਨ ਰੱਖਣਾ ਵੀ ਇਹਨਾਂ ਘਰਾਂ ਵਿਚ ਇਕ ਫੈਸ਼ਨ ਬਣ ਗਿਆ ਹੈ। 60-100 ਰੁਪਏ ਵਿਚ ਇਕ ਪੜ੍ਹਿਆ ਲਿਖਿਆ ਨੌਕਰ

ਮਿਲ ਸਕਦਾ ਹੈ ਤੇ 60-100 ਰੁਪਏ ਕੀ ਨੇ। ਵਿਸਕੀ ਦੀ ਇਕ ਬੋਤਲ ਦੀ ਕੀਮਤ ਇਸ ਤੋਂ ਵੱਧ ਏ।

*(ਬੀਬੀ ਜੀ ਦੀ ਐਂਟਰੀ)*

ਬੀਬੀ : ਚਲੀ ਗਈ ਏ ਤ੍ਰਿਕੜੀ ਉਤੇ, ਬਸ ਜਿਥੇ ਬਹਿਣਗੇ ਖਰੂਦ ਹੀ ਮਚਾਉਣਗੇ (ਘੜੀ ਵੱਲ ਵੇਖਦੀ ਹੋਈ) ਮਾਸਟਰ ਜੀ ਵੀ ਨਹੀਂ ਆਏ ? ਹੁਣ ਤੱਕ ਆ ਜਾਣਾ ਚਾਹੀਦਾ ਸੀ। ਬੱਬੂ ਵੀ ਨਹੀਂ ਦਿਸਦਾ। ਅਖੇ ਮੈਂ ਨਹੀਂ ਪੜ੍ਹਣਾ ਜ਼ਰੂਰ ਉਤੇ ਚੁਬਾਰੇ ਵਿਚ ਲੁਕ ਗਿਆ ਹੋਣਾ ਏ। ਲੁਕ ਲੁਕ ਕੇ ਡੱਬੀ ਵਿਚੋਂ ਪਤਾ ਨਹੀਂ ਕੀ ਦੇਖਦਾ ਰਹਿੰਦਾ ਏ। ਉਹ ਕਿਹੜਾ ਪਿਓ ਨਾਲੋਂ ਘੱਟ ਏ ?

*(ਮਾਸਟਰ ਜੀ ਆਉਂਦੇ ਹਨ, ਹੱਥ ਵਿਚ ਉਹਨਾਂ ਇਕ ਵੱਡਾ ਸਾਰਾ ਅਖ਼ਬਾਰ ਵਿਚ ਲਪੇਟਿਆ ਪੈਕਟ ਫੜਿਆ ਹੈ)*

ਮਾਸਟਰ : ਸਤਿ ਸ੍ਰੀ ਅਕਾਲ

ਬੀਬੀ : ਸਤਿ ਸ੍ਰੀ ਅਕਾਲ, ਕੀ ਹਾਲ ਏ ਮਾਸਟਰ ਜੀ, ਅੱਜ ਦੇਰ ਹੋ ਗਈ ਏ?

ਮਾਸਟਰ : ਭੈਣ ਜੀ, ਅੱਜ ਨਿੱਕੀ ਵੱਲ ਨਹੀਂ ਸੀ, ਦੁਆਈ ਲੈ ਕੇ ਦੇਂਦਿਆਂ ਹੀ ਦੇਰ ਹੋ ਗਈ।

ਬੀਬੀ : ਕਿਉਂ ਕੀ ਗੱਲ ਏ ਨਿੱਕੀ ਨੂੰ ?

ਮਾਸਟਰ : ਭੈਣ ਜੀ, ਖੰਘ ਉਹਦਾ ਖਹਿੜਾ ਨਹੀਂ ਛੱਡਦੀ। ਗੱਲੇ ਵਧੇ ਹੋਏ ਨੇ ਤੇ ਸਾਰੀ ਸਾਰੀ ਰਾਤ ਖੰਘਦੀ ਰਹਿੰਦੀ ਏ।

ਬੀਬੀ : ਤਾਂ ਮਾਸਟਰ ਜੀ, ਉਹ ਦਾ ਇਲਾਜ ਕਰਵਾਓ ਨਾ, ਹੁਣ ਤਾਂ ਚੰਗੀਆਂ ਤੋਂ ਚੰਗੀਆਂ ਦਵਾਈਆਂ ਨਿਕਲ ਆਈਆਂ ਨੇ। ਹਸਪਤਾਲਾਂ ਵਿਚ ਵੱਡੇ ਤੋਂ ਵੱਡੇ ਅਪਰੇਸ਼ਨ ਦਾ ਇੰਤਜ਼ਾਮ ਏ, ਡਾਕਟਰੀ ਤਾਂ ਇਤਨੀ ਤਰੱਕੀ ਕਰ ਗਈ ਏ।

ਮਾਸਟਰ : ਹਾਂ ਭੈਣ ਜੀ, ਦਵਾਈਆਂ ਚੰਗੀਆਂ ਤੋਂ ਚੰਗੀਆਂ ਨਿਕਲ ਆਈਆਂ ਨੇ, ਹਸਪਤਾਲਾਂ ਵਿਚ ਬੜਾ ਇੰਤਜ਼ਾਮ ਏ ਡਾਕਟਰੀ ਇਤਨੀ ਤਰੱਕੀ ਕਰ ਗਈ ਏ ਪਰ ਗਰੀਬੀ ਤਾਂ ਉਥੇ ਹੀ ਖੜੀ ਏ। ਹਾਂ ਭੈਣ ਜੀ ਤੁਸੀਂ ਕੱਲ੍ਹ ਸਰਦਾਰ ਸਾਹਿਬ ਵਾਲਾ ਪੁਰਾਣਾ ਕੋਟ ਦਿੱਤਾ ਸੀ, ਬੜੀ ਮੇਹਰਬਾਨੀ, ਮੈਂ ਉਸ ਵੇਲੇ ਨਾਂਹ ਨਹੀਂ ਕਰ ਸਕਿਆ ਸਾਂ... ਪਰ

ਬੀਬੀ : ਪਰ ਕੀ ?

ਮਾਸਟਰ : ਮੈਂ ਇਹ ਪਾ ਨਹੀਂ ਸਕਾਂਗਾ।

ਬੀਬੀ : ਲੈ ਮਾਸਟਰ ਜੀ, ਭਰਾ ਭਰਾ ਦੇ ਕਪੜੇ ਪਾ ਹੀ ਲੈਂਦੇ ਨੇ।

ਮਾਸਟਰ : ਹਾਂ ਭਰਾ ਭਰਾ ਦੇ ਪਾ ਹੀ ਲੈਂਦੇ ਨੇ, ਜਦੋਂ ਇਕ ਦੂਜੇ ਦੇ ਬਰਾਬਰ ਹੋਣ, ਪਰ ਕਿਥੇ ਸਰਦਾਰ ਸਾਹਿਬ ਤੇ ਕਿਥੇ ਮੈਂ।

ਬੀਬੀ : ਅਧਿਆਪਕ ਦਾ ਦਰਜਾ ਬਹੁਤ ਉੱਚਾ ਹੁੰਦਾ ਏ ਮਾਸਟਰ ਜੀ।

ਮਾਸਟਰ : ਹਾਂ ਬਹੁਤ ਉੱਚਾ ਹੁੰਦਾ ਏ, ਇਸੇ ਲਈ ਸ਼ਾਇਦ ਉਹਨਾਂ ਨੂੰ ਲੱਥੇ ਹੋਏ ਕਪੜੇ ਪਾਉਣੇ ਪੈਂਦੇ ਨੇ।... ਕਾਕਾ ਕਿਥੇ ਏ ?

ਬੀਬੀ : ਇਥੇ ਹੀ ਸੀ, ਮੈਂ ਉਸ ਨੂੰ ਭੇਜਦੀ ਹਾਂ। ਪੜ੍ਹਨ ਵਿਚ ਉਹਦਾ ਜੀ ਹੀ ਨਹੀਂ ਲਗਦਾ। (ਜਾਂਦੀ ਹੈ)

ਮਾਸਟਰ : ਸ਼ੁਕਰ ਏ, ਇਹ ਕੋਟ ਗਲੋਂ ਲੱਥਾ, ਮੁਸੀਬਤ ਬਣ ਗਈ। ਕੱਲ੍ਹ ਲੈ ਕੇ ਗਿਆ। ਚੰਗਾ ਸੀ, ਪਰ ਘਰ ਪੁੱਜਣ ਤੋਂ ਪਹਿਲਾਂ ਲਾਹੁਣਾ ਪਿਆ, ਭਾਗਵੰਤੀ ਕੋਟ ਪਾਇਆ ਵੇਖ ਲੈਂਦੀ ਤਾਂ ਕੀ ਕਹਿੰਦੀ। ਲੱਥਾ ਕੋਟ ਪਾਇਆ ਵੇਖ ਕੇ ਉਹਦੇ ਦਿਲ 'ਤੇ ਕੀ ਬੀਤਦੀ ?ਆਪਣੇ ਵਿਆਹ ਦਾ ਕੋਟ, ਕਿੰਨਾ ਚਿਰ ਉਹ ਚਲਦਾ ਰਿਹਾ ਏ ਪਰ ਜਦੋਂ ਦਾ ਦੇਸ਼ ਅਜ਼ਾਦ ਹੋਇਆ ਸੀ ਤੇ ਅਸੀਂ ਪਾਕਿਸਤਾਨ ਤੋਂ ਏਧਰ ਆਏ ਸਾਂ ਉਹ ਗਰਮ ਕੋਟ ਪਾਕਿਸਤਾਨ ਰਹਿ ਗਿਆ ਸੀ ਫੇਰ ਉਸ ਤੋਂ ਮਗਰੋਂ ਨਵਾਂ ਕੋਟ ਨਹੀਂ ਸੀ ਬਣ ਸਕਿਆ, ਤੇ ਅੱਜ ਇਹ ਲੱਥਾ ਹੋਇਆ ਕੋਟ।

ਕਥਾਕਾਰ : ਜਿਹੜਾ ਕੋਟ ਪਾਕਿਸਤਾਨ ਰਹਿ ਗਿਆ ਸੀ ਉਸ ਕੋਟ ਨਾਲ ਮਾਸਟਰ ਈਸ਼ਰ ਦਾਸ ਦੀ ਜ਼ਿੰਦਗੀ ਦੀਆਂ ਰੰਗੀਨ ਦਿਨਾਂ ਦੀਆਂ ਯਾਦਾਂ ਜੁੜੀਆਂ ਹੋਈਆਂ ਸਨ। ਉਹਦੇ ਵਿਆਹ ਦਾ ਕੋਟ, ਉਹਦੇ ਖੱਬੇ ਪਾਸੇ ਦੇ ਕਾਲਰ ਕੋਲ ਸ਼ੁਕੀਨ ਸ਼ਹਿਰੀ ਦਰਜ਼ੀ ਨੇ ਫੁੱਲ ਟੁੰਗਣ ਵਾਲੀ ਥਾਂ ਬਣਾਈ ਹੋਈ ਸੀ। ਵਿਆਹ ਤੋਂ ਕੁਝ ਦਿਨ ਪਿਛੋਂ ਹੀ ਭਾਗਵੰਤੀ ਨੇ ਇਹਦੇ ਵਿਚ ਇਕ ਫੁੱਲ ਟੁੰਗ ਕੇ ਉਹਨੂੰ ਪੁੱਛਿਆ ਸੀ, 'ਇਸ ਫੁੱਲ ਦਾ ਨਾ ਪਤਾ ਜੇ ?' ਉਹਨੇ ਜਾਣਦਿਆਂ ਹੋਇਆ ਵੀ ਨਾਂਹ ਵਿਚ ਸਿਰ ਹਿਲਾ ਦਿੱਤਾ ਸੀ ਤੇ ਭਾਗਵੰਤੀ ਨੇ ਅੱਖਾਂ ਵਿਚ ਮੁਸਕਰਾਂਦਿਆਂ ਕਿਹਾ ਸੀ 'ਇਸ਼ਕ ਪੇਚਾ'।

ਮਾਸਟਰ : ਹਾਂ ਉਹ ਵੀ ਦਿਨ ਸਨ ਤੇ ਫੇਰ ਸੀਤਾ ਸਾਡੀ ਧੀ ਸਾਡੇ ਚੰਗੇ ਦਿਨਾਂ ਦੀ ਨਿਸ਼ਾਨੀ ਹੁਣ ਖੰਘ ਨਾਲ ਕਿਸ ਤਰ੍ਹਾਂ ਨਿਢਾਲ ਹੈ ਤੇ ਮੈਂ ਵਾਂ ਕਿ ਉਹਦੇ ਲਈ ਕੁਝ ਵੀ ਨਹੀਂ ਕਰ ਸਕਦਾ।

*(ਸਰਦਾਰ ਸਾਹਿਬ ਆਉਂਦੇ ਹਨ)*

ਸਰਦਾਰ : ਮਾਸਟਰ ਜੀ।

ਮਾਸਟਰ : (ਸੰਭਲ ਕੇ) ਜੀ.. ਜੀ, ਸਤਿ ਸ੍ਰੀ ਅਕਾਲ।

ਸਰਦਾਰ : ਸਤਿ ਸ੍ਰੀ ਅਕਾਲ। ਕਾਕੇ ਨੂੰ ਪੜ੍ਹਾਉਣ ਆਏ ਹੋ ?

ਮਾਸਟਰ : ਹਾਂ ਬੀਬੀ ਹੋਰੀ ਉਹਨੂੰ ਬੁਲਾਉਣ ਗਏ ਨੇ।

ਸਰਦਾਰ : ਪਰ ਮਾਸਟਰ ਜੀ, ਉਹ ਹੁਣ ਪੜ੍ਹਣ ਨਹੀਂ ਆ ਸਕਣ ਲੱਗਾ।

ਮਾਸਟਰ : ਕਿਉਂ ?

ਸਰਦਾਰ : ਦੇਖੋ ਨਾ ਮਾਸਟਰ ਜੀ, ਵਿਦਿਆਰਥੀ ਕਿਸੇ ਅਧਿਆਪਕ ਕੋਲੋਂ ਤਾਂ ਹੀ ਕੁਝ ਸਿੱਖ ਸਕਦਾ ਏ ਜੇ ਉਹਦੇ ਦਿਲ ਵਿਚ ਅਧਿਆਪਕ ਦੀ ਇੱਜ਼ਤ ਹੋਵੇ।

ਮਾਸਟਰ : ਇਸ ਵਿਚ ਕੀ ਸ਼ੱਕ ਏ ?

ਸਰਦਾਰ : ਪਰ ਜਦੋਂ ਤੁਸੀਂ ਕੱਲ੍ਹ ਕਾਕੇ ਦੀ ਬੀਬੀ ਕੋਲੋਂ ਕੋਟ ਲਿਆ।

ਮਾਸਟਰ : ਪਰ ਉਹ ਕੋਟ ਉਹਨਾਂ ਜ਼ਬਰਦਸਤੀ ਦਿੱਤਾ ਸੀ, ਮੈਂ ਤਾਂ...

ਸਰਦਾਰ : ਹਾਂ ਹਾਂ ਉਹ ਤਾਂ ਠੀਕ ਏ ਪਰ ਕਾਕੇ ਦੇ ਸਾਹਮਣੇ ਦਿੱਤਾ ਤੇ ਪਤਾ ਜੇ ਕਾਕਾ ਅੱਜ ਮੈਨੂੰ ਕੀ ਕਹਿ ਰਿਹਾ ਸੀ।

ਮਾਸਟਰ : ਕੀ ?

ਸਰਦਾਰ : ਭਾਪਾ ਜੀ, ਸਾਡੇ ਭੰਗੀ ਤੇ ਮਾਸਟਰ ਵਿਚ ਕੀ ਫਰਕ ਏ ? ਲਾਲੂ ਭੰਗੀ ਨੇ ਵੀ ਤੁਹਾਡਾ ਲੱਥਾ ਕੋਟ ਪਾਇਆ ਸੀ ਤੇ ਮਾਸਟਰ ਜੀ ਨੇ ਵੀ।

ਮਾਸਟਰ : ਹਾਂ ਸਰਦਾਰ ਸਾਹਿਬ, ਕਾਕਾ ਬਹੁਤ ਜ਼ਹੀਨ ਏ, ਉਹ ਇਹ ਗੱਲ ਜਾਣ ਗਿਆ ਏ ਕਿ ਇਸ ਸਮਾਜ ਵਿਚ ਇਕ ਮਾਸਟਰ ਦੀ ਓਨੀ ਹੀ ਇੱਜ਼ਤ ਏ ਜਿੰਨੀ ਲਾਲੂ ਭੰਗੀ ਦੀ।

ਸਰਦਾਰ : ਨਹੀਂ ਮਾਸਟਰ ਜੀ, ਇਹ ਗੱਲ ਨਹੀਂ।

ਮਾਸਟਰ : ਸਰਦਾਰ ਸਾਹਿਬ ਗੱਲ ਹੀ ਇਹੀ ਹੈ। ਸ਼ੁਕਰੀਆ, ਤੁਸੀਂ ਮੈਨੂੰ ਮੇਰਾ ਅਸਲੀ ਰੁਤਬਾ ਦੱਸ ਦਿੱਤਾ, ਅਸੀਂ ਮਾਸਟਰ ਲੋਕ ਕਦੀ ਕਦੀ ਭੁੱਲ ਜਾਂਦੇ ਹਾਂ ਕਿ ਇਸ ਸਮਾਜ ਵਿਚ ਸਾਡਾ ਅਸਲੀ ਰੁਤਬਾ ਕੀ ਏ, ਸਾਨੂੰ ਖੁਸ਼ ਫਹਿਮੀ ਹੋ ਜਾਂਦੀ ਏ ਤੇ ਅਸੀਂ ਇਹ ਸਮਝਣ ਲੱਗ ਪੈਂਦੇ ਹਾਂ ਕਿ ਅਸੀਂ ਕੌਮ ਦੇ ਉਸਰੀਏ ਹਾਂ... ਮੈਨੂੰ ਸਰਦਾਰ ਸਾਹਿਬ ਇਸ ਗੱਲ 'ਤੇ ਕੋਈ ਇਤਰਾਜ਼ ਨਹੀਂ ਕਿ ਕਾਕੇ ਨੇ ਮੈਨੂੰ ਤੇ ਲਾਲੂ ਭੰਗੀ ਨੂੰ ਇਕ ਬਰਾਬਰ ਸਮਝਿਆ ਹੈ, ਅਸੀਂ ਹਾਂ ਹੀ ਬਰਾਬਰ। ਅਸੀਂ ਗਰੀਬ ਸਾਰੇ ਹੀ ਬਰਾਬਰ ਹਾਂ। ਪਤਾ ਨਹੀਂ ਇਹ ਗੱਲ ਅਸੀਂ ਕਿਉਂ ਮੁੜ ਮੁੜ ਭੁੱਲ ਜਾਂਦੇ ਹਾਂ, ਸ਼ੁਕਰੀਆ ਮਾਸਟਰ ਸਾਹਿਬ।

ਸਰਦਾਰ : ਪਰ ਮਾਸਟਰ ਜੀ, ਇਹ ਕੋਟ..

*(ਕੋਟ ਚੁੱਕ ਕੇ ਉਹਨੂੰ ਦੇਣ ਦੀ ਮੁਦਰਾ ਵਿਚ ਹੀ ਸਟਿਲ ਹੋ ਜਾਂਦਾ ਹੈ। ਮਾਸਟਰ ਚਲਾ ਜਾਂਦਾ ਹੈ ਤੇ ਸਰਦਾਰ ਸਾਹਿਬ ਵੀ ਦੂਜੇ ਪਾਸੇ ਚਲਾ ਜਾਂਦਾ ਹੈ।)*

ਕਥਾਕਾਰ : ਮਾਸਟਰ ਈਸ਼ਰ ਦਾਸ ਦੀ ਟਿਊਸ਼ਨ ਮੁੱਕ ਗਈ, ਜਿਸ ਟਿਊਸ਼ਨ ਤੋਂ 60 ਰੁਪਏ ਵਿਚ ਈਸ਼ਰ ਦਾਸ ਨੇ ਆਪਣੇ ਘਰ ਦੀਆਂ ਨਿੱਕੀਆਂ ਲੋੜਾਂ ਪੂਰੀਆਂ ਕਰਨੀਆਂ ਸਨ।ਮਾਸਟਰ ਈਸ਼ਰ ਦਾਸ ਦੀ ਟਿਊਸ਼ਨ ਮੁੱਕ ਗਈ, ਕਿਉਂਕਿ ਉਸ ਨੇ ਇਕ ਲੱਥਾ ਹੋਇਆ ਜੂਠਾ ਕੋਟ ਪਾ ਲਿਆ ਸੀ। ਅੱਜ ਉਸ ਕੌਮ ਦੇ ਦੁਖਾਂਤ ਦਾ ਕੌਣ ਅਹਿਸਾਸ ਕਰੇ ਜਿਸ ਦੇ ਕਰੋੜਾਂ ਲੋਕ ਆਪਣਾ ਪਾਲਾ ਢੱਕਣ ਲਈ ਉਹ ਕੋਟ ਪਾਉਣ ਲਈ ਮਜ਼ਬੂਰ ਹੋਣ, ਜੋ ਅਮਰੀਕਾ ਤੇ ਯੂਰਪ ਦੇ ਲੋਕਾਂ ਦੇ ਜੂਠੇ ਨੇ। ਜਿਸ ਦੀਆਂ ਸੁਆਣੀਆਂ ਜ਼ਿੰਦਗੀਆਂ ਦੀਆਂ ਤਾਜ਼ਾ ਸੇਜਾਂ ਉਹਨਾਂ ਨਾਈਟੀਆਂ ਵਿਚ ਮਾਨਣ, ਜਿਹੜੀਆਂ ਅਮਰੀਕਾ ਤੇ ਯੂਰਪ ਦੀਆਂ ਮੇਮਾਂ ਦੀਆਂ ਹੰਢਾਈਆਂ ਹੋਈਆਂ ਹਨ। ਜੂਠੇ ਕੱਪੜੇ ਪਾ ਕੇ ਕੋਈ ਜੂਠੀ ਤਹਿਜ਼ੀਬ ਤੋਂ ਕਿਸ ਤਰ੍ਹਾਂ ਬਚ ਸਕਦਾ ਹੈ।

ਨਵਤੇਜ ਅੱਜ ਤੂੰ ਸਾਡੇ ਦਰਮਿਆਨ ਨਹੀਂ ਪਰ ਤੇਰੀ ਧਰਤੀ ਵੀ ਉਥੇ ਹੀ ਹੈ, ਤੇ ਤੇਰੇ ਲੋਕ ਵੀ ਉਥੇ ਹੀ ਹਨ, ਹਾਂ ਮੇਰੇ ਵੀਰ ਤੇਰੇ ਲੋਕ ਉਥੇ ਹੀ ਹਨ। ਦੁਨੀਆਂ ਗਗਨ ਮੰਡਲ ਦੇ ਤਾਰਿਆਂ ਤੱਕ ਦਾ ਸਫ਼ਰ ਤਹਿ ਕਰ ਗਈ। ਚੰਨ 'ਤੇ ਪਹੁੰਚ ਗਈ ਪਰ ਤੇਰੇ ਲੋਕ ਹਾਲੀ ਗਊ ਦੀ ਪੂਛਲ ਤੋਂ ਲੈ ਕੇ ਗਊ ਦੇ ਸਿੰਘਾਂ ਤੱਕ ਦਾ ਸਫ਼ਰ ਤਹਿ ਨਾ ਕਰ ਸਕੇ।ਤੇਰੀ ਧਰਤੀ ਤੇ ਹਾਲੇ ਵੀ ਮਲਕ ਸਾਹਿਬ ਕੰਵਰ ਸਾਹਿਬ ਅਬਲਾਵਾਂ ਦੀ ਪੱਤ ਲੁੱਟਣ ਵਾਲੇ ਇਲਾਕਿਆਂ ਦੇ ਚੌਧਰੀ ਤੇ ਐਮ.ਐਲ.ਏ. ਨੇ। ਤੱਤੀ ਤਵੀ ਦੇ ਸ਼ਹਿਰ ਵਿਚ ਗੁਰੂ ਅਰਜਨ ਦੀ ਯਾਦ ਮਨਾਉਣ ਜਾਂਦੇ ਹਨ ਪਰ ਬੇਪਰਦ ਔਰਤਾਂ ਦੀਆਂ ਤਸਵੀਰਾਂ ਲੈ ਕੇ ਵਾਪਸ ਮੁੜਦੇ ਨੇ। ਜਿਥੇ ਮਾਸਟਰ ਈਸ਼ਰ ਦਾਸ ਦਾ ਦੁਖਾਂਤ ਹਰ ਰੋਜ਼ ਵਾਪਰਦਾ ਹੈ। ਨਵਤੇਜ ਇਹ ਤੇਰੀ ਧਰਤੀ ਸਰਾਪੀ ਹੋਈ ਧਰਤੀ ਏ।ਤੇਰੇ ਲੋਕ ਸਰਾਪੇ ਹੋਏ ਲੋਕ ਨੇ।ਤੂੰ ਆਪਣੀ ਹਰ ਲਿਖਤ ਵਿਚ ਇਕ ਉਮੀਦ ਜ਼ਾਹਿਰ ਕੀਤੀ ਸੀ ਕਿ ਤੇਰੀ ਧਰਤੀ ਉਤੋਂ ਇਹ ਸਰਾਪ ਕਦੀ ਤਾਂ ਟੁੱਟੇਗਾ। ਤੇਰੇ ਲੋਕ ਕਦੀ ਤਾਂ ਇਸ ਸਰਾਪ ਨੂੰ ਤੋੜਣ ਵਾਸਤੇ ਉੱਠਣਗੇ। ਯਕੀਨ ਕਰ ਉਹ ਉਠ ਰਹੇ ਨੇ, ਇਹ ਯਕੀਨ ਹੀ ਤੇਰੀ ਯਾਦ ਹੈ, ਇਹ ਯਕੀਨ ਹੀ ਤੈਨੂੰ ਸ਼ਰਧਾਜਲੀ ਹੈ।

*ਸਮਾਪਤ*